# ਅੰਮ੍ਰਿਤ ਕੀਰਤਨ

ਅਕਤੂਬਰ 2011



ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ (ਇਕ ਪੁਰਾਤਨ ਚਿਤਰ - ਖਾਲਸਾ ਸਮਾਚਾਰ ਵਿਚੋਂ ਧੰਨਵਾਦ ਸਹਿਤ)

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਲੇਖਾ ਛੋਡਿ ਅਲੇਖੈ ਛੂਟਹਿ

ਮੌਤ ਤੋਂ ਦੱਸੋ ਕਾਹਨੂੰ ਡਰੀਏ,
ਇਹ ਤਾਂ ਲਿਖੀ ਹੋਈ ਜ਼ਿੰਦਗਾਨੀ।

ਕਰਤਾ ਧਰਤਾ ਆਪ ਹੈ ਬੈਠਾ
ਜਿਸ ਕੋਲ ਵੱਡੀ ਹੈ ਕਾਨੀ।

ਕੀਤੇ ਕਰਮ ਚੰਗੇ ਤੇ ਮੰਦੇ,
ਆਪ ਹਿਸਾਬ ਕਰੇਸੇਂ।

ਸਭ ਕੁਦਰਤ ਕਰਤੇ ਦੇ ਵਸ ਹੈ,
ਜੇ ਬਖਸ਼ੇ ਤਾਂ ਮਿਹਰਬਾਨੀ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ
ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**
ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
  'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
  ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-277266●, ●9814● 5363●
e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

## ਇਸ ਅੰਕ ਵਿਚ

ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ - ਵਾਹ, ਭਾਈ ਜਸਬੀਰ ਸਿੰਘ ਜੀ 5

ਕੀਰਤਨ ਬਾਰੇ - ਖਾਲਸਾ ਸਮਾਚਾਰ ਵਿੱਚੋਂ 6

ਭਾਈ ਮਨੀ ਸਿੰਘ ਜੀ ਦੀਆਂ ਲਿਖਤਾਂ ਵਿੱਚ ਕੀਰਤਨ ਦੀ ਮਹੱਤਤਾ
ਡਾ. ਜਾਗੀਰ ਸਿੰਘ 10

**ਛੋਡਿ ਮਾਇਆ ਕੇ ਧੰਧ ਸੁਆਉ**
ਕਰਮ ਸਿੰਘ ਰਤਨ 12

ਸੰਗੀਤ ਨਾਟਕ ਅਕਾਦਮੀ ਸਮਾਰੋਹ ਅਤੇ ਸ੍ਰ. ਹਰਭਜਨ ਸਿੰਘ (ਨਾਮਧਾਰੀ) ਦਾ ਸ਼ਬਦ ਗਾਇਨ
ਜਗਤਾਰਜੀਤ 15

**हिन्दुस्तानी संगीत का समय सिद्धान्त : वैज्ञानिक अथवा अवैज्ञानिक**
Dr. Narendra Kaur 17

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਥਿਆ : ਨਿਵੇਕਲਾ ਯਤਨ
ਸ. ਜਸਬੀਰ ਸਿੰਘ ਜਵੱਦੀ 22

ਸੁਰ ਲਿਪੀ - ਰਾਗ ਆਸਾ 25

ਸੁਰ ਲਿਪੀ ਵਾਲੇ ਸ਼ਬਦ ਦੇ ਅਰਥ 26

**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

ਰਾਗ ਸਰੂਪ ਨਿਰਣੈ-ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪਾਦਕ ਪ੍ਰਿ: ਸੁਖਵੰਤ ਸਿੰਘ-ਨਾਮੀ ਕਿਤਾਬਚਾ ਪੜ੍ਹਨ ਵਿਚ ਆਇਆ। ਰਾਗ ਸਰੂਪ ਨਿਰਣਾਇਕ ਕਮੇਟੀ ਵਿਚ ਆਪ (ਡਾ. ਜਾਗੀਰ ਸਿੰਘ) ਦਾ ਨਾਮ ਸ਼ਾਮਲ ਕੀਤਾ ਗਿਆ ਹੈ। ਇਸ ਵਿਚ (ਪੰਨਾ 2) 31 ਮੁਖ ਰਾਗ-ਗਾਇਨ ਸਮਾਂ ਸੂਚੀ ਵਿਚ ਦਿਨ ਦਾ ਪਹਿਲਾ ਪਹਿਰ ਉਪ ਸਿਰਲੇਖ ਹੇਠ ਪਹਿਲਾ ਆਸਾ (ਸਵੇਰ ਤੋਂ ਸ਼ਾਮ) ਦਰਜ ਕੀਤਾ ਗਿਆ ਹੈ। ਰਾਗ ਨਿਰਣਾਇਕ ਕਮੇਟੀ ਦੁਆਰਾ ਨਿਰਧਾਰਤ ਸਰੂਪ ਹੇਠ (ਪੰਨਾ 10/ਕ੍ਰਮ 4 ਆਸਾ) (ਮੁੱਖ ਰਾਗ) ਦਾ ਸਮਾ ਸਵੇਰ ਅਤੇ ਸ਼ਾਮ ਦਾ ਸੰਧੀ ਪ੍ਰਕਾਸ਼ ਲਿਖਿਆ ਗਿਆ ਹੈ। ਇਕੋ ਸਿਧਾਂਤਵਾਦੀ ਕਿਤਾਬ ਵਿਚ ਦੋ ਸਮਾਂ ਸੂਚਨਾਵਾਂ ਦੀ ਹੋਂਦ ਕੀਹ ਨਤੀਜਾ ਦੇ ਦੀਆਂ ਹਨ? ਪਰੰਪਰਾਗਤ ਗਿਆਤ ਅਨੁਸਾਰ ਆਸਾ ਰਾਗ ਦਾ ਗਾਇਨ ਸਮਾ ਰਾਤ ਦਾ ਚੌਥਾ ਪਹਿਰ ਅਤੇ ਦਿਨ ਦਾ ਚੌਥਾ ਪਹਿਰ ਹੈ। ਇਸ ਤਰ੍ਹਾਂ ਉਪਰੋਕਤ ਦੋਵੇਂ ਸੂਚਨਾਵਾਂ ਗੁਰਮਤਿ ਸੰਗੀਤ ਰੀਤ ਦਾ ਪਰਿਹਾਸ ਲਗਦੀਆਂ ਹਨ। ਆਸਾ ਦੀ ਵਾਰ ਦਾ ਭੋਗ ਸੂਰਜ ਚੜ੍ਹਨ ਨਾਲ ਹੀ ਪਾ ਦਿੱਤਾ ਜਾਂਦਾ ਹੈ। ਰਹਿਰਾਸ ਦਾ ਆਰੰਭ ਸੂਰਜ ਅਸਤ ਸਮੇਂ ਗਾਇਨ ਕਰਕੇ ਮਗਰੋਂ ਪਾਠ ਕੀਤਾ ਜਾਂਦਾ ਹੈ। ਹਰਿਮੰਦਰ ਸਾਹਿਬ ਦੀ ਨੇਮ ਰੀਤ ਤਾਂ ਇਹੋ ਦੇਖੀ ਹੈ। ਆਸਾ ਦੀ ਵਾਰ ਸਿੱਖ ਧਰਮ ਦਾ ਧਰਮ ਸ਼ਾਸਤਰ ਹੈ। ਜੋ ਨਿਜੀ, ਸਮਾਜਕ, ਰਾਜਨੀਤਕ ਜੀਵਨ ਦੀਆਂ ਵਿਸੰਗਤੀਆਂ ਵੱਲ ਧਿਆਨ ਦੁਆਕੇ ਜੀਵਨ ਦੇ ਕਰਮਾਂ ਪ੍ਰਤੀ ਧਰਮ ਰਾਜ ਅੱਗੇ ਜੁਆਬ ਦੇਹੀ ਦੇ ਫਲਸਫੇ ਨਾਲ ਇਕ ਈਸ਼ਵਰ ਦਾ ਵਿਸ਼ਵਾਸ ਤੇ ਭਗਤੀ ਦੀ ਗੁਰਮਤਿ ਗੁਰਸਿੱਖਾਂ ਨੂੰ ਦ੍ਰਿੜ ਕਰਵਾਉਂਦੀ ਹੈ।

ਕਰਤਾਰ ਸਿੰਘ ਨੀਲਧਾਰੀ, 162 ਏ ਗਰੇਨ ਮਾਰਕੀਟ, ਮਧਿਆ ਮਾਰਗ, ਚੰਡੀਗੜ੍ਹ-160029

ਅਗਸਤ 2011 ਦੇ ਅੰਕ ਵਿਚ ਸਾਰੇ ਹੀ ਲੇਖ ਬਹੁਤ ਹੀ ਕਮਾਲ ਦੇ ਪਾਏਦਾਰ ਹਨ। ਸ: ਬਲਬੀਰ ਸਿੰਘ ਕੰਵਲ ਜੀ ਦਾ ਲੇਖ ਸੰਗੀਤ ਦਾ ਬਾਦਸ਼ਾਹ ਤਾਨਸੈਨ ਬਹੁਤ ਹੀ ਖੋਜ ਭਰਪੂਰ ਹੈ। ਨਰਿੰਦਰ ਕੌਰ ਜੀ ਦਾ ਲੇਖ (ਗੁਰੂ ਗ੍ਰੰਥ ਸਾਹਿਬ ਮੇਂ ਸੰਗੀਤ ਕੀ ਮਹਤਤਾ) ਹਿੰਦੀ ਵਿਚ ਬਹੁਤ ਹੀ ਵਧੀਆ ਹੈ। ਡਾ. ਰਾਜੇਸ਼ ਸ਼ਰਮਾ ਜੀ ਦਾ (ਰਾਗ ਮਾਝ ਇਕ ਅਧਿਐਨ) ਬਹੁਤ ਜਾਣਕਾਰੀ ਦੇਂਦਾ ਹੈ, ਸਭ ਨੂੰ ਬਹੁਤ ਬਹੁਤ ਵਧਾਈ।

ਕਰਮ ਸਿੰਘ ਰਤਨ

ਆਪ ਜੀ ਦੀਆਂ ਭੇਜੀਆਂ ਸੀ. ਡੀ. ਵਿਚ ਬਹੁਤ ਹੀ ਮਨਮੋਹਨੇ ਸ਼ਬਦ ਹਨ। ਉਸੇ ਦਿਨ ਤੋਂ ਕਾਰ ਵਿਚ ਲਗਾ ਰੱਖੇ ਹਨ। ਆਉਂਦੇ ਜਾਂਦੇ ਉਸ ਦਾ ਆਨੰਦ ਲੈ ਰਹੇ ਹਾਂ। 'ਅੰਮ੍ਰਿਤ ਕੀਰਤਨ' ਵਿਚੋਂ ਸੰਤ ਸੰਤੋਖ ਸਿੰਘ ਜੀ ਕਵੀ ਦੀਆਂ 'ਗੁੱਝੀਆਂ ਰਮਜ਼ਾਂ' ਬਹੁਤ ਹੀ ਪਸੰਦ ਆਉਂਦੀਆਂ ਹਨ।

ਸਤਵਿੰਦਰ ਸਿੰਘ, ਮਲਾਜਗੰਜ, ਫੋਨ : 09425892212

ਸਤੰਬਰ 2011 ਅੰਕ ਵਿਚ ਪ੍ਰੋਫੈਸਰ ਪਰਮਜੋਤ ਸਿੰਘ ਜੀ ਦੁਆਰਾ ਰਚੀਆਂ ਪੁਸਤਕਾਂ ਬਾਰੇ ਪੜ੍ਹ ਕੇ ਬੜਾ ਚੰਗਾ ਲੱਗਾ। ਪ੍ਰੋ: ਪਰਮਜੋਤ ਸਿੰਘ ਨੇ ਕੀਰਤਨ ਪ੍ਰੇਮੀਆਂ ਲਈ ਇਕ ਅਣਮੁੱਲੀ ਸੁਗਾਤ ਤਿਆਰ ਕੀਤੀ ਹੈ।

ਪ੍ਰੋ: ਮੰਗਤ ਸਿੰਘ ਮਸਤਾਨਾ, ਮੋਬਾਇਲ : 94637 82514

ਅਵਤਾਰ ਸਿੰਘ ਹੰਸ ਵੱਲੋਂ ਲਿਖਿਆ ਆਰਦਸ਼ ਕੀਰਤਨੀਏ ਸੰਤ ਬਾਬਾ ਸ਼ਾਮ ਸਿੰਘ ਅਤੇ ਮਨਪ੍ਰੀਤ ਸਿੰਘ ਵੱਲੋਂ ਜਨਮ ਸਾਖੀਆਂ ਵਿਚ ਰਾਗ ਦਾ ਇਤਿਹਾਸਕ ਪਰਿਪੇਖ ਵਡਮੁੱਲੇ ਲੇਖ ਹਨ।

ਸੰਤ ਮੁਕੰਦ ਸਿੰਘ, ਮਲੋਟ

## ਕਰਉ ਬੇਨੰਤੀਆ

# ਵਾਹ, ਭਾਈ ਜਸਬੀਰ ਸਿੰਘ ਜੀ

ਚੰਡੀਗੜ੍ਹ ਦੇ ਇੱਕ ਵਕੀਲ ਸਾਹਿਬ ਦੇ ਘਰ ਕੀਰਤਨ ਸੀ। ਐਕਸੀਡੈਂਟ ਤੋਂ ਬਾਅਦ ਡਾਕਟਰਾਂ ਨੇ ਮੈਨੂੰ ਅਜੇ ਹੇਠਾਂ ਬੈਠ ਕੇ ਕੀਰਤਨ ਕਰਨ ਦੀ ਮਨਾਹੀ ਕੀਤੀ ਹੋਈ ਹੈ ਇਸ ਲਈ ਇੱਕ ਵਿਸ਼ੇਸ਼ ਪ੍ਰਕਾਰ ਦੇ ਸਟੂਲ ਤੇ ਬੈਠ ਕੇ ਕੀਰਤਨ ਕਰਦਾ ਹਾਂ। ਕੀਰਤਨ ਸਮਾਪਤੀ ਤੋਂ ਬਾਅਦ ਮੇਰੇ ਨਾਲ ਲੰਗਰ ਛਕਣ ਅੱਠ ਸੈਕਟਰ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਜਸਬੀਰ ਸਿੰਘ ਵੇਰਕਾ ਵੀ ਬੈਠ ਗਏ। ਅਸੀਂ ਅਜੇ ਲੰਗਰ ਛਕ ਹੀ ਰਹੇ ਸਾਂ ਕਿ ਇੱਕ ਸੱਜਣ ਬੜੇ ਗੁੱਸੇ ਵਿੱਚ ਆ ਕੇ ਕਹਿਣ ਲੱਗੇ ਕਿ ਅੱਜ ਤੁਸੀਂ ਬੜੀ ਅਵੱਗਿਆ ਕੀਤੀ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਟੂਲ ਤੇ ਬੈਠ ਕੇ ਕੀਰਤਨ ਕੀਤਾ ਹੈ। ਇਹ ਮਰਯਾਦਾ ਦੀ ਉਲੰਘਣਾ ਹੈ। ਮੈਂ ਅਜੇ ਕੁਝ ਬੋਲਣ ਹੀ ਵਾਲਾ ਸਾਂ। ਕਿ ਭਾਈ ਜਸਬੀਰ ਸਿੰਘ ਬੋਲ ਪਏ–

ਸਰਦਾਰ ਸਾਹਿਬ, ਤੁਹਾਡਾ ਗੁਰੂ ਗ੍ਰੰਥ ਸਾਹਿਬ ਪ੍ਰਤੀ ਸਤਿਕਾਰ ਬੜਾ ਸ਼ਲਾਘਾਯੋਗ ਹੈ। ਹਰ ਸਿੱਖ ਦੇ ਮਨ ਵਿੱਚ ਇਹ ਸਤਿਕਾਰ ਹੋਣਾ ਚਾਹੀਦਾ ਹੈ। ਇਹਨਾਂ ਭਾਈ ਸਾਹਿਬ ਦੀ ਤਾਂ ਸਰੀਰਕ ਮਜਬੂਰੀ ਹੈ। ਇਹ ਕੋਈ ਅਭਿਮਾਨ ਕਾਰਨ ਸਟੂਲ ਤੇ ਨਹੀਂ ਬੈਠੇ। ਖੈਰ, ਤੁਹਾਨੂੰ ਯਾਦ ਹੈ ਕਿ ਇਹਨਾਂ ਨੇ ਕਿਹੜਾ ਕਿਹੜਾ ਸ਼ਬਦ ਗਾਇਨ ਕੀਤਾ ਸੀ?

–ਨਹੀਂ ਸਾਰੇ ਸ਼ਬਦ ਤਾਂ ਯਾਦ ਨਹੀਂ। ਹਾਂ, ਇਹਨਾਂ ਨੇ ਪੂਤਾ ਮਾਤਾ ਕੀ ਆਸੀਸ ਸ਼ਬਦ ਅਖੀਰ ਵਿੱਚ ਗਾਇਆ ਸੀ।

ਭਾਈ ਜਸਬੀਰ ਸਿੰਘ ਮੁਸਕਰਾ ਕੇ ਕਹਿਣ ਲੱਗੇ– ਆਓ ਤੁਹਾਨੂੰ ਇੱਕ ਸਾਖੀ ਸੁਣਾਵਾਂ–

ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਵਿੱਚ ਇੱਕ ਸਿੱਖ ਸੀ ਜਿਸ ਦਾ ਨਾਮ ਸੁਥਰਾ ਸੀ। ਉਹ ਇੱਕ ਦਿਨ ਗੁਰੂ ਸਾਹਿਬ ਨੂੰ ਚੌਰ ਕਰ ਰਿਹਾ ਸੀ। ਦੀਵਾਨ ਵਿੱਚ ਰਾਗੀ ਕੀਰਤਨ ਕਰ ਰਹੇ ਸਨ। ਸੁਥਰੇ ਨੂੰ ਪਤਾ ਨਹੀਂ ਕੀ ਸੁਝੀ ਉਸ ਨੇ ਗੁਰੂ ਸਾਹਿਬ ਦੇ ਪਿੱਛੇ ਚੁਪ ਚਾਪ ਅਜੀਬ ਅਜੀਬ ਹਰਕਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਭਾਂਤ ਭਾਂਤ ਦੇ ਮੂੰਹ ਬਣਾਉਣ ਲੱਗ ਪਿਆ ਅਤੇ ਨਾਲ ਹੀ ਕਈਆਂ ਨੂੰ ਘੂਰਨ ਲੱਗ ਪਿਆ। ਫਿਰ ਉਹ ਬਾਹਰ ਆਇਆ ਤਾਂ ਕਈ ਸਿੱਖ ਉਸ ਨੂੰ ਆ ਕੇ ਝਿੜਕਣ ਲੱਗੇ। ਉਹ ਉਹਨਾਂ ਸਿੱਖਾਂ ਨਾਲ ਗਾਲੀ ਗਲੋਚ ਕਰਕੇ ਦੌੜ ਗਿਆ।

ਫਿਰ ਕਈ ਦਿਨਾਂ ਬਾਅਦ ਉਹ ਵਾਪਸ ਆਇਆ ਤਾਂ ਸਿਖਾਂ ਨੇ ਗੁਰੂ ਸਾਹਿਬ ਕੋਲ ਸੁਥਰੇ ਦੀ ਸ਼ਿਕਾਇਤ ਕੀਤੀ। ਸੁਥਰਾ ਸਾਰੀ ਘਟਨਾਂ ਤੋਂ ਮੁੱਕਰ ਗਿਆ। ਉਹ ਕਹਿਣ ਲੱਗਾ – ਮੈਨੂੰ ਤਾਂ ਯਾਦ ਨਹੀਂ ਇਹ ਗੱਲ ਕਿਸ ਦਿਨ ਹੋਈ ਬਹੁਤ ਸਾਰੇ ਸਿੱਖ ਉਸ ਨੂੰ ਝੂਠਾ ਕਹਿਣ ਲੱਗੇ।

ਸੁੱਥਰੇ ਨੇ ਕਿਹਾ, ਜਿਸ ਦਿਨ ਦੀ ਤੁਸੀਂ ਗੱਲ ਕਰਦੇ ਹੋ ਉਸ ਦਿਨ ਦਰਬਾਰ ਵਿੱਚ ਰਾਗੀ ਕੀਰਤਨ ਕਰ ਰਹੇ ਸਨ। ਤੁਹਾਨੂੰ ਯਾਦ ਹੈ ਰਾਗੀ ਸਿੰਘਾਂ ਨੇ ਉਸ ਦਿਨ ਕਿਹੜਾ ਕਿਹੜਾ ਸ਼ਬਦ ਗਾਇਨ ਕੀਤਾ ਸੀ।

ਸਿੱਖ ਕਹਿਣ ਲੱਗੇ ਕਿ ਇਹ ਤਾਂ ਯਾਦ ਨਹੀਂ। ਸੁਥਰਾ ਕਹਿਣ ਲੱਗਾ ਫਿਰ ਮੈਨੂੰ ਉਹ ਘਟਨਾਂ ਕਿਵੇਂ ਯਾਦ ਰਹਿ ਸਕਦੀ ਹੈ।

ਗੁਰੂ ਸਾਹਿਬ ਹੱਸੇ ਅਤੇ ਕਹਿਣ ਲੱਗੇ – ਭਾਈ ਸਿੱਖੋ, ਸੁਥਰੇ ਦੀ ਰਮਜ਼ ਸਮਝੋ। ਤੁਸੀਂ ਆਪਣਾ ਮਨ ਸ਼ਬਦ ਗੁਰਬਾਣੀ ਨਾਲ ਜੋੜੋ ਅਤੇ ਉਸ ਨੂੰ ਹਿਰਦੇ ਵਿੱਚ ਵਸਾਵੋ। ਐਵੇਂ ਕਿਸੇ ਦੀਆਂ ਊਣਤਾਈਆਂ ਬਾਰੇ ਸੋਚ ਸੋਚ ਕੇ ਸਮਾਂ ਬਰਬਾਦ ਨਾ ਕਰੋ।

ਇਸ ਤਰ੍ਹਾਂ ਭਾਈ ਜਸਬੀਰ ਸਿੰਘ ਨੇ ਉਸ ਸਿੱਖ ਨੂੰ ਸਿੱਖਿਆ ਵੀ ਦੇ ਦਿੱਤੀ ਅਤੇ ਮੇਰਾ ਵੀ ਬਚਾਅ ਕਰ ਦਿੱਤਾ। ਮੈਂ ਭਾਈ ਸਾਹਿਬ ਦਾ ਹੋਰ ਵੀ ਸਤਿਕਾਰ ਕਰਨ ਲੱਗ ਪਿਆ।

# ਕੀਰਤਨ ਬਾਰੇ - ਖਾਲਸਾ ਸਮਾਚਾਰ ਵਿੱਚੋਂ

### ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਅਮੋਲਕ ਬਚਨ

### 16-2-55 ਮੁੰਬਈ

ਅੱਜ ਸਵੇਰੇ ਸ੍ਰੀ ਆਪ ਜੀ ਨੇ ਭਾਈ ਮੋਹਨ ਸਿੰਘ ਰਾਗੀ ਨੂੰ ਪੁੱਛਿਆ ਕਿ ਕਲ ਤੇਰਾ ਉਸਤਾਦ ਖੁਸ਼ ਗਿਆ ਹੈ ਯਾਂ ਨਹੀ? ਉਸ ਨੇ ਉੱਤਰ ਦਿੱਤਾ ਕਿ ਬਹੁਤ ਖੁਸ਼ ਗਿਆ ਹੈ ਤੇ ਕਹਿੰਦਾ ਸੀ ਕਿ ਜੋ ਮੈਂ ਸਿੱਖ ਮਜ਼ਬ ਵਿਚ ਦੇਖਿਆ ਹੈ ਹੋਰ ਕਿਧਰੇ ਨਹੀਂ ਦੇਖਿਆ। ਫਿਰ ਸ੍ਰੀ ਆਪ ਜੀ ਨੇ ਫੁਰਮਾਯਾ ਕਿ ਰਾਗ ਇਕ ਐਸੀ ਵਸਤੂ ਹੈ ਜਿਸ ਨਾਲ ਇਨਸਾਨ ਬਹੁਤ ਅੱਗੇ ਵਧ ਸਕਦਾ ਹੈ। ਰਾਗ ਨਾਲ ਸੁਖਮਨਾਂ ਨਾੜੀ ਦਾ ਰਸਤਾ ਖੁੱਲ ਕੇ ਦਸਮ ਦੁਆਰ ਵੀ ਖੁੱਲ ਜਾਂਦਾ ਹੈ। ਅਸਲ ਰਾਗ ਤਾਂ ਸਿਰਫ ਅਲਾਪ ਨੂੰ ਕਹਿੰਦੇ ਹਨ ਪਰ ਰਾਗ ਦੇ ਨਾਲ ਜਦ ਕਵਿਤਾ ਪੜ੍ਹੀ ਜਾਏ ਤਾਂ ਉਹ ਮਿਸ਼੍ਰਿਤ ਰਾਗ ਹੋ ਜਾਂਦਾ ਹੈ। ਤੁਸੀ੍ ਆਖੋਗੇ ਕਿ ਮੈਨੂੰ ਵਾਜੇ ਦੀਆਂ ਸੁਰਾਂ ਤੇ ਉਂਗਲਾਂ ਰੱਖਣੀਆਂ ਤਾਂ ਆਉਂਦੀਆਂ ਨਹੀਂ ਪਰ ਗੱਲਾਂ ਮੈਂ ਡੂੰਘੇ ਰਾਗ ਦੀਆਂ ਕਰਦਾ ਹਾਂ। ਅਸਲ ਵਿਚ ਸਾਰੇ ਫਾਈਨ ਆਰਟਸ ਦੀ ਪਿੱਠਭੂਮੀ ਇਕ ਹੁੰਦੀ ਹੈ। ਕਵਿਤਾ, ਰਾਗ, ਪੇਂਟਿੰਗਜ਼ ਆਦਿ ਜਿਤਨੇ ਵੀ ਫਾਈਨ ਆਰਟਸ ਹਨ ਸਭ ਪਿੱਛੋਂ ਇਕੋ ਹਨ। ਇਕ ਵਾਰੀ ਸੰਤ ਸਿੰਘ ਰਾਗੀ ਨੇ ਇਕ ਸ਼ਬਦ ਗਾਇਨ ਕੀਤਾ ਤੇ ਮੈਨੂੰ ਪੁੱਛਿਆ ਕਿ ਦੱਸੋ ਇਹ ਕਿਹੜਾ ਰਾਗ ਹੈ। ਮੈਂ ਉਸ ਨੂੰ ਕਿਹਾ ਕਿ ਮੈਂ ਨਹੀਂ ਸਮਝ ਸਕਿਆ, ਪਰ ਉਸ ਦੇ ਮਜਬੂਰ ਕਰਨ ਤੇ ਮੈਂ ਕਿਹਾ ਕਿ ਤੁਸੀਂ ਭਾਵੇਂ ਇਹ ਦੁਪਹਿਰ ਵੇਲੇ ਗਾਇਆ ਹੈ ਪਰ ਇਹ ਰਾਗ ਸਵੇਰ ਦਾ ਹੈ। ਉਸਨੇ ਕਿਹਾ ਕਿ ਇਹ ਠੀਕ ਹੈ, ਇਹ ਰਾਗ ਬਿਭਾਸ ਪ੍ਰਭਾਤੀ ਸਵੇਰ ਦਾ ਰਾਗ ਹੈ, ਪਰ ਆਪਨੂੰ ਕਿਵੇਂ ਪਤਾ ਲੱਗਾ ਹੈ? ਮੈਂ ਕਿਹਾ ਕਿ ਜਦ ਤੁਸੀਂ ਸ਼ਬਦ ਗਾ ਰਹੇ ਸੀ ਤਾਂ ਮੇਰੀ ਸੁਰਤ ਤੇ ਉਸਦਾ ਅਸਰ ਹੋਇਆ ਤੇ ਮੈਂ ਇਹ ਮਹਿਸੂਸ ਕੀਤਾ ਕਿ ਮੈਂ ਸ੍ਰੀ ਦਰਬਾਰ ਸਾਹਿਬ ਵਿਚ ਅੰਮ੍ਰਿਤ ਵੇਲੇ ਬੈਠਾ ਕੀਰਤਨ ਸੁਣ ਰਿਹਾ ਹਾਂ। ਇਸ ਲਈ ਮੈਂ ਸਮਝਿਆ ਕਿ ਇਹ ਰਾਗ ਸਵੇਰ ਦਾ ਹੈ।

ਫਿਰ ਆਪ ਜੀ ਨੇ ਭਾਈ ਮੋਹਨ ਸਿੰਘ ਨੂੰ ਕਿਹਾ ਕਿ ਆਪਣੇ ਉਸਤਾਦ ਨੂੰ ਕਹਿਣਾ ਕਿ ਚੰਗੀ ਤਰ੍ਹਾਂ ਖੋਜ ਕਰਕੇ ਦੱਸੇ ਕਿ ਵਡਹੰਸ ਰਾਗ ਦੀ ਕੀ ਤਾਸੀਰ ਹੈ। ਇਕ ਉਸਤਾਦ ਤਾਂ ਕਹਿੰਦਾ ਹੈ ਕਿ ਇਹ ਖੁਸ਼ੀ ਦਾ ਰਾਗ ਹੈ ਪਰ ਇਸ ਰਾਗ ਵਿਚ ਘੋੜੀਆਂ ਦੇ ਸ਼ਬਦ ਵੀ ਹਨ ਤੇ ਅਲਾਹਣੀਆਂ ਵੀ।

●●●●

### ਰਾਗੀ ਭਾਈ ਮੁਨਸ਼ਾ ਸਿੰਘ ਤੇ ਵੱਡਾ ਰਾਜਾ

ਭਾਈ ਮੁਨਸ਼ਾ ਸਿੰਘ ਹਰਿਮੰਦਰ ਸਾਹਿਬ ਅੰਮ੍ਰਿਤਸਰ ’ਚ ਰੋਜ਼ ਤੜਕਸਾਰ ਕੀਰਤਨ ਦੀ ਡਿਊਟੀ ਕਰਦੇ ਸਨ। ਗੁਰੂ ਦੀ ਅਜਿਹੀ ਬਖਸ਼ਿਸ਼ ਸੀ ਕਿ ਰਾਗੀ ਭਾਈ ਮੁਨਸ਼ਾ ਸਿੰਘ ਜਦ ਕੀਰਤਨ ਕਰਦੇ ਤਾਂ ਹਜ਼ਾਰਾਂ ਹੀ ਸ਼ਰਧਾਲੂ ਉਸ ਕੀਰਤਨ ਦਾ ਅਨੰਦ ਮਾਣਨ ਸਵੇਰੇ ਤੜਕਸਾਰ ਹਰਿਮੰਦਰ ਸਾਹਿਬ ਪਹੁੰਚਦੇ ਤੇ ਕਿਤੇ ਵੀ ਤਿਲ ਭਰ ਬਹਿਣ ਲਈ ਥਾਂ ਖਾਲੀ ਨਾ ਬਚਦੀ। ਭਾਈ ਮੁਨਸ਼ਾ ਸਿੰਘ ਦੀ ਸੁਰਤ ਕੀਰਤਨ ਰਾਹੀਂ ਜਿਵੇਂ ਅਗੰਮੀ ਮੰਡਲਾਂ ’ਚ ਪਹੁੰਚ ਜਾਂਦੀ ਤੇ ਇਸ ਅੰਮ੍ਰਿਤ-ਸਰ ਨੂੰ ਸ਼ਰਧਾਲੂ ਗਟਾਕ-ਗਟਾਕ ਪੀ ਰਹੇ ਹੁੰਦੇ। ਭਾਈ ਮੁਨਸ਼ਾ ਸਿੰਘ ਕੀਰਤਨ ਦੇ ਪਖੋਂ ਜਿੰਨੇ ਉਚੇ ਸਨ ਪਰ ਰਹਿਣ ਸਹਿਣ ਦੇ ਪਖੋਂ ਉਨੇ ਹੀ ਸਾਧਾਰਨ ਸਨ ਬੜੇ ਸਧਾਰਨ ਜਿਹੇ ਘਰ ਵਿਚ ਸਰਲ ਸੁਭਾਅ ਜੀਵਨ ਬਤੀਤ ਕਰਦੇ ਸਨ ਆਪ। ਇਕ ਦਿਨ ਜਦ ਕੀਰਤਨ ਤੋਂ ਬਾਅਦ ਭਾਈ ਮੁਨਸ਼ਾ ਸਿੰਘ ਆਪਣੇ ਘਰ ਵਾਪਸ ਜਾਣ ਲਗੇ ਤਾਂ ਉਨ੍ਹਾਂ ਦਾ ਇਕ ਸ਼ਰਧਾਲੂ ਉਨ੍ਹਾਂ ਦੇ ਪਿਛੇ ਪਿਛੇ ਹੋ ਗਿਆ ਅਤੇ

ਉਨ੍ਹਾਂ ਨਾਲ ਉਨ੍ਹਾਂ ਦੇ ਘਰ ਪਹੁੰਚ ਗਿਆ। ਉਸ ਦੇਖਿਆ ਕਿ ਭਾਈ ਮੁਨਸ਼ਾ ਸਿੰਘ ਮਿੱਟੀ ਦੇ ਭਾਂਡਿਆਂ 'ਚ ਭੋਜਨ ਛਕਦੇ ਹਨ ਤੇ ਇਕ ਬੜੇ ਸਧਾਰਨ ਜਿਹੇ ਕਮਰੇ 'ਚ ਭੁੰਜੇ ਹੀ ਬਿਸਰਾਮ ਕਰਦੇ ਹਨ। ਘਰ ਕੀ ਜਿਵੇਂ ਕੋਈ ਫਕੀਰ ਦੀ ਕੁੱਲੀ ਹੋਵੇ। ਸ਼ਰਧਾਲੂ ਇਹ ਸਭ ਦੇਖਕੇ ਦੰਗ ਰਹਿ ਗਿਆ ਤੇ ਫੌਰਨ ਮਹਾਰਾਜੇ ਕੋਲ ਪਹੁੰਚਿਆ ਤੇ ਮਹਾਰਾਜੇ ਨੂੰ ਕਹਿਣ ਲੱਗਾ ਕਿ ਰਾਜ ਕਿਸਦਾ ਹੈ? ਮਹਾਰਾਜ ਸਾਹਿਬ ਨੇ ਕਿਹਾ 'ਖਾਲਸੇ ਦਾ'। ਸ਼ਰਧਾਲੂ ਨੇ ਕਿਹਾ – ਅਮ੍ਰਿਤਸਰ ਹਰਿਮੰਦਰ ਸਾਹਿਬ 'ਚ ਸੋਨੇ ਦੇ ਪਤਰੇ ਕਿਉਂ ਚੜ੍ਹਾਏ ਜਾਂਦੇ ਹਨ। ਮਹਾਰਾਜੇ ਨੇ ਕਿਹਾ –ਗੁਰੂ ਰਾਮਦਾਸ ਦਾ ਘਰ ਹੈ, ਉਸਦੀ ਉਚੀ ਸ਼ਾਨ ਹੋਵੇ। 'ਪਰ ਕੀਰਤਨ ਕਰਨ ਵਾਲੇ ਤੇ ਮਿੱਟੀ ਦੇ ਭਾਂਡਿਆਂ 'ਚ ਛਕਦੇ ਹਨ ਤੇ ਭੁੰਜੇ ਬਿਸਰਾਮ ਕਰਦੇ ਹਨ, ਕੀ ਇਹ ਗੁਰੂ ਦੇ ਕੀਰਤਨੀਏ ਦੀ ਉਚੀ ਸ਼ਾਨ ਹੈ?" ਮਹਾਰਾਜੇ ਨੇ ਤੁਰੰਤ ਆਪਣਾ ਘੋੜਾ ਮੰਗਾਇਆ ਤੇ ਰਾਗੀ ਭਾਈ ਮੁਨਸ਼ਾ ਸਿੰਘ ਦੇ ਘਰ ਅਗੇ ਜਾ ਖਲੋਤੇ। ਬੂਹਾ ਖੜਕਾਇਆ। ਅੰਦਰੋਂ ਆਵਾਜ਼ ਆਈ "ਕੌਣ ਹੈ ।" 'ਰਣਜੀਤ ਸਿੰਘ', ਮਹਾਰਾਜੇ ਨੇ ਕਿਹਾ।

ਮੁਨਸ਼ਾ ਸਿੰਘ: ਇਥੇ ਕੀ ਲੈਣ ਆਏ ਹੋ ?

ਮਹਾਰਾਜਾ : ਆਪਦੇ ਦਰਸ਼ਨ ਕਰਨ ਆਇਆ ਹਾਂ।

ਮੁਨਸ਼ਾ ਸਿੰਘ: ਦਰਸ਼ਨ ਗੁਰੂ ਰਾਮਦਾਸ ਦੇ ਘਰ ਦੇ ਕਰੋ।

ਮਹਾਰਾਜਾ: ਮੈਂ ਆਪਨੂੰ ਕੁਝ ਦੇਣਾ ਚਾਹੁੰਦਾ ਹਾਂ। (ਮਹਾਰਾਜਾ ਚਾਹੁੰਦਾ ਸੀ ਕਿ ਮੁਨਸ਼ਾ ਸਿੰਘ ਦਾ ਘਰ ਵੱਡਾ ਬਣਾ ਦਿਆਂ ਤੇ ਮੁਨਸ਼ਾ ਸਿੰਘ ਸੋਨੇ-ਚਾਂਦੀ ਦੇਭਾਂਡਿਆਂ 'ਚ ਲੰਗਰ ਛਕੇ)

ਮੁਨਸ਼ਾ ਸਿੰਘ: ਮੈਨੂੰ ਕੁਝ ਚਾਹੀਦਾ ਹੋਵੇਗਾ। ਤਾਂ ਮੈਂ ਗੁਰੂ ਰਾਮਦਾਸ ਦੇ ਦਰਬਾਰ ਤੋਂ ਮੰਗ ਲਵਾਂਗਾ। ਮੇਰਾ ਗੁਰੂ ਸਾਰੇ ਸੰਸਾਰ ਨੂੰ ਦਿੰਦਾ ਹੈ ਮੈਂ ਮੰਗਤਿਆਂ ਕੋਲੋ ਨਹੀਂ ਮੰਗਦਾ।

ਮਹਾਰਾਜਾ: ਬੂਹਾ ਖੋਲੋ ਜੀ, ਮੈਂ ਆਪ ਜਿਹੇ ਮਹਾਨ ਰਾਗੀ ਨੂੰ ਮਿਲਣਾ ਚਾਹੁੰਦਾ ਹਾਂ।

ਮੁਨਸ਼ਾ ਸਿੰਘ: ਮੇਰਾ ਸਮਾਂ ਖਰਾਬ ਨਾ ਕਰੋ। ਮੈਨੂੰ ਆਰਾਮ ਕਰਨ ਦਿਓ। ਜਾਓ ਆਪਣਾ ਰਾਜ-ਕਾਜ ਕਰੋ।

ਮਹਾਰਾਜਾ: ਮੇਰੇ ਲਾਇਕ ਕੋਈ ਸੇਵਾ ?

ਮੁਨਸ਼ਾ ਸਿੰਘ: ਮੇਰੇ ਵੱਲੋਂ ਗੁਰੂ ਅਗੇ ਅਰਦਾਸ ਕਰਨੀ ਕਿ ਮੈਨੂੰ ਕਦੇ ਪਰਾਏ ਬਾਰ ਤੇ ਬਹਿਣਾ ਨਸੀਬ ਨਾ ਹੋਵੇ। ਮਹਾਰਾਜਾ ਤਕਰੀਬਨ ਅੱਧਾ ਘੰਟਾ ਇੰਤਜ਼ਾਰ ਕਰਨ ਤੋਂ ਬਾਅਦ ਆਪਣੇ ਮੁਸਾਹਿਬਾਂ ਨਾਲ ਵਾਪਸ ਚਲ ਪੈਂਦਾ ਹੈ ਤੇ ਪਿਛੇ ਮਹਾਰਾਜੇ ਨਾਲ ਮੁਲਾਕਾਤ ਕਰਨ ਲਈ ਲੋਗ ਅਗੇ-ਪਿਛੇ ਹੁੰਦੇ ਹਨ। ਮਹਾਰਾਜਾ ਸੋਚਦਾ ਹੈ ਇਕ ਪਾਸੇ ਲੋਗ ਹਲ ਜੋ ਮੇਰੇ ਨਾਲ ਗਲ ਕਰਨੀ ਚਾਹੁੰਦੇ ਹਨ ਤੇ ਮੈਨੂੰ ਮਿਲਣ ਲਈ ਮੇਰੇ ਦੀਵਾਨ ਦੇ ਚੱਕਰ ਕੱਟਦੇ ਰਹਿੰਦੇ ਹਨ ਤੇ ਦੂਜਾ ਪਾਸੇ ਮੈਂ ਹਾਂ ਜੋ ਰਾਗੀ ਭਾਈ ਮੁਨਸ਼ਾ ਸਿੰਘ ਨੂੰ ਮਿਲਣਾ ਚਾਹੁੰਦਾ ਹਾਂ ਪਰ ਉਹ ਦਰਵਾਜਾ ਨਹੀਂ ਖੋਲਦੇ। ਮਹਾਰਾਜ ਮੈਂ ਹਾਂ ਜਾਂ ਰਾਗੀ ਭਾਈ ਮੁਨਸ਼ਾ ਸਿੰਘ ? ਮਹਾਰਾਜੇ ਨੂੰ ਗਿਆਨ ਹੁੰਦਾ ਹੈ ਕਿ ਨਿਰਸੰਦੇਹ ਗੁਰੂ ਹੀ ਨਹੀਂ ਗੁਰੂ ਦੇ ਰਾਗੀਆਂ ਦੀ ਸ਼ਾਨ ਵੀ ਉਚੀ ਹੈ ਜਿਸਦੇ ਸਾਹਮਣੇ ਮੈਂ ਤੇ ਦਰਬਾਰ ਤੇ ਮੇਰੇ ਵਲੋਂ ਲਾਇਆ ਸੋਨਾ ਸਭ ਫਿੱਕੇ ਹਨ।

●●●●

## ਕਿਸੇ ਮੰਗਤੇ ਕੋਲੋ ਨਾ ਮੰਗਣਾ (ਡਾ. ਜਸਵੰਤ ਸਿੰਘ ਨੇਕੀ)

1949 ਈ. ਦੀ ਗੱਲ ਹੈ । ਮੈਂ ਓਦੋਂ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਪ੍ਰਧਾਨ ਸਾਂ। ਸਾਡੀ ਅੰਤ੍ਰਿੰਗ ਕਮੇਟੀ ਨੇ ਫੈਸਲਾ ਕੀਤਾ ਕਿ ਪਾਉਂਟਾ ਸਾਹਿਬ ਵਿਖੇ ਸਿਰਕੱਢ ਵਰਕਰਾਂ ਦਾ ਟ੍ਰੇਨਿੰਗ ਕੈਂਪ ਲਗਾਇਆ ਜਾਵੇ। ਉਸ ਦੇ ਲਈ ਮਾਇਆ ਦਰਕਾਰ ਸੀ। ਕਿਸੇ ਨੇ ਸਲਾਹ ਦਿੱਤੀ, ਮਾਸਟਰ ਤਾਰਾ ਸਿੰਘ ਜੀ ਇਸ ਕਾਰਜ ਲਈ ਲੋੜੀਂਦੀ ਸਹਾਇਤਾ ਕਰ ਸਕਦੇ ਹਨ ਤੇ ਮੈਨੂੰ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਪ੍ਰੇਰਿਆ ਗਿਆ।

ਮੈਂ ਅੰਮ੍ਰਿਤਸਰ ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਪੁੱਜਾ ਤੇ ਉਨ੍ਹਾਂ ਨੂੰ ਗਿਆਤ ਕਰਵਾਇਆ ਕਿ ਅਸੀਂ ਵਰਕਰਾਂ ਦਾ

ਟ੍ਰੇਨਿੰਗ ਕੈਂਪ ਲਗਾਉਣ ਦਾ ਇਰਾਦਾ ਬਣਾਇਆ ਹੈ। ਉਨ੍ਹਾਂ ਨੇ ਇਸ ਇਰਾਦੇ ਦੀ ਸ਼ਲਾਘਾ ਕੀਤੀ ਤੇ ਅੰਦਰੋਂ ਸੌ ਰੁਪਏ ਦਾ ਇਕ ਨੋਟ ਲਿਆ ਕੇ ਮੈਨੂੰ ਦਿੱਤਾ ਤੇ ਕਿਹਾ, "ਇਸ ਕਾਰਜ ਲਈ ਇਹ ਸਹਾਇਤਾ ਮੇਰੇ ਵਲੋਂ ਪ੍ਰਵਾਨ ਕਰੋ।" ਮੈਂ ਇਤਨਾ ਮਾਯੂਸ ਹੋਇਆ ਕਿ ਮੈਂ ਉਹ ਨੋਟ ਮੋੜਦਿਆਂ ਕਿਹਾ, "ਮਾਸਟਰ ਜੀ, ਇਹ ਰਹਿਣ ਦਿਓ, ਤੁਹਾਡੇ ਹੋਰ ਕਿਸੇ ਕੰਮ ਆ ਜਾਏਗਾ। ਮੈਂ ਵਾਹਿਗੁਰੂ ਪਾਸੋਂ ਲੋੜੀਂਦੀ ਸਹਾਇਤਾ ਮੰਗ ਲਵਾਂਗਾ।"

ਮੈਨੂੰ ਉਸ ਵੇਲੇ ਕਦੇ ਆਪਣਾ ਦਾਦਾ ਜੀ ਦੇ ਪਹਿਲਾਂ ਦੇ ਕਹੇ ਹੋਏ ਬਚਨ ਯਾਦ ਆਏ। ਉਨ੍ਹਾਂ ਕਿਹਾ ਸੀ, "ਬੱਚਿਆ, ਕਦੇ ਕਿਸੇ ਮੰਗਤੇ ਕੋਲੋਂ ਨਾ ਮੰਗੀਂ, ਕੇਵਲ ਦਾਤੇ ਕੋਲੋਂ ਹੀ ਮੰਗੀਂ। ਤੇ ਦਾਤਾ ਕੇਵਲ ਇਕ ਵਾਹਿਗੁਰੂ ਹੀ ਹੈ।"

ਮਾਸਟਰ ਤਾਰਾ ਸਿੰਘ ਹੋਰਾਂ ਨੂੰ ਮੈਂ ਕਹਿ ਤਾਂ ਆਇਆ, "ਮੈਂ ਵਾਹਿਗੁਰੂ ਪਾਸੋਂ ਮੰਗ ਲਵਾਂਗਾ, ਪਰ ਮੈਨੂੰ ਅਜੇ ਸਮਝ ਨਹੀਂ ਸੀ ਮੰਗਣਾ ਕਿਵੇਂ ਹੈ।" ਮੈਂ ਅੰਮ੍ਰਿਤਸਰੋਂ ਲੁਧਿਆਣੇ ਚਲਾ ਆਇਆ ਤੇ ਰਾਤ ਸ੍ਰ: ਭਾਨ ਸਿੰਘ ਹੋਰਾਂ ਦੇ ਠਹਿਰਿਆ। ਉਨ੍ਹਾਂ ਨੂੰ ਮੈਂ ਮਾਸਟਰ ਜੀ ਤੋਂ ਪ੍ਰਾਪਤ ਹੋਈ ਮਾਯੂਸੀ ਦੀ ਗੱਲ ਦੱਸੀ। ਉਨ੍ਹਾਂ ਸਲਾਹ ਦਿੱਤੀ, "ਕਲ੍ਹ ਸਵੇਰੇ ਐਤਵਾਰ ਹੈ, ਸਿੰਘ ਸਭਾ ਦੇ ਗੁਰਦੁਆਰੇ ਦੀਵਾਨ ਸਜਦਾ ਹੈ। ਉਥੇ ਚਲ ਕੇ ਸੰਗਤ ਪਾਸ ਅਪੀਲ ਕਰ ਵੇਖਦੇ ਹਾਂ।"

ਸੋ ਅਗਲੇ ਦਿਨ ਤੜਕੇ ਹੀ ਅਸੀਂ ਸਿੰਘ ਸਭਾ ਦੇ ਗੁਰਦੁਆਰੇ ਪਹੁੰਚ ਗਏ। ਭਾਈ ਸਮੁੰਦ ਸਿੰਘ ਜੀ ਦਾ ਪ੍ਰਸਿੱਧ ਜਥਾ ਕੀਰਤਨ ਕਰ ਰਿਹਾ ਸੀ।

ਭੋਗ ਪਿਆ ਤਾਂ ਮੈਂ ਸਕੱਤਰ ਸਾਹਿਬ ਪਾਸੋਂ ਸਿੱਖ ਵਿਦਿਆਰਥੀਆਂ ਦੇ ਕੈਂਪ ਲਈ ਮਾਇਕ ਸਹਾਇਤਾ ਦੀ ਸੰਗਤ ਪਾਸ ਅਪੀਲ ਕਰਨ ਦੀ ਆਗਿਆ ਮੰਗੀ। ਉਨ੍ਹਾਂ ਆਗਿਆ ਦੇ ਦਿੱਤੀ।

ਮੈਂ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ, "ਇਹ ਫ਼ਰਜ਼ ਤਾਂ ਮਾਪਿਆਂ ਦਾ ਸੀ ਕਿ ਆਪਣੇ ਬੱਚਿਆਂ ਨੂੰ ਆਪਣੇ ਧਰਮ ਨਾਲ ਜਾਣੂ ਕਰਾਉਂਦੇ, ਪਰ ਇਉਂ ਹੋਇਆ ਨਹੀਂ। ਇਸ ਲਈ ਬੱਚਿਆਂ ਨੇ ਇਕ ਦੂਜੇ ਨੂੰ ਆਪਣੇ ਧਰਮ ਨਾਲ ਜਾਣੂ ਕਰਾਉਣ ਲਈ ਇਕ ਟ੍ਰੇਨਿੰਗ ਕੈਂਪ ਲਗਾਉਣ ਦਾ ਸੰਕਲਪ ਕੀਤਾ ਹੈ। ਆਪ ਪਾਸ ਇਸ ਕਾਰਜ ਲਈ ਮਾਇਕ ਸਹਾਇਤਾ ਲਈ ਬੇਨਤੀ ਹੈ।

ਉਸ ਵੇਲੇ ਭਾਈ ਸਮੁੰਦ ਸਿੰਘ ਹੋਰਾਂ ਨੂੰ ਇਕਵੰਜਾ ਰੁਪਏ ਕੀਰਤਨ ਭੇਟਾ ਵਜੋਂ ਸਿੰਘ ਸਭਾ ਵਲੋਂ ਪ੍ਰਾਪਤ ਹੋਏ ਸਨ। ਉਨ੍ਹਾਂ ਆਪਣੀ ਜੇਬ ਵਿਚੋਂ ਪੰਜਾਹ ਰੁਪਏ ਹੋਰ ਕੱਢੇ ਤੇ ਇਕ ਸੌ ਇਕ ਰੁਪਏ ਮੈਨੂੰ ਫੜਾਉਂਦਿਆਂ ਕਿਹਾ, "ਇਹ ਭੇਟਾ ਸਾਡੇ ਵਲੋਂ ਕਬੂਲ ਕਰੋ, ਤੇ ਜਿਤਨੇ ਦਿਨ ਤੁਹਾਡਾ ਕੈਂਪ ਲੱਗੇਗਾ, ਦੋਏ ਵੇਲੇ ਦੀ ਸ਼ਬਦ ਚੌਂਕੀ ਦੀ ਸੇਵਾ ਸਾਡਾ ਜਥਾ ਕਰੇਗਾ।" ਉਨ੍ਹਾਂ ਦਾ ਇਹ ਕਹਿਣਾ ਸੀ, ਕਿ ਸੰਗਤਾਂ ਨੇ ਮਾਇਆ ਦਾ ਢੇਰ ਲਾ ਦਿੱਤਾ।

●●●●

## ਧਨ ਸੁ ਦੇਸ ਜਹਾਂ ਤੂੰ ਵਸਿਆ (ਡਾ. ਜਸਵੰਤ ਸਿੰਘ ਨੇਕੀ)

ਭਾਈ ਸਾਹਿਬ ਸਮੁੰਦ ਸਿੰਘ ਜੀ ਪੰਥ ਦੇ ਸੁਪ੍ਰਸਿੱਧ ਰਾਗੀ ਸਨ। ਬੜੇ ਸੁੱਚੇ ਜੀਵਨ ਵਾਲੇ ਸਨ। ਕੀਰਤਨ ਵੀ ਖੁੱਭ ਕੇ ਕਰਦੇ ਸਨ।

ਉਹਨਾਂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਜਾਣ ਦਾ ਸੰਕਲਪ ਬਣਾਇਆ। ਉਸ ਤੋਂ ਕੁਝ ਚਿਰ ਪਹਿਲਾਂ ਹੀ ਉਹ ਦਿਲ ਦਾ ਦੌਰਾ ਹੰਢਾ ਚੁੱਕੇ ਸਨ। ਇਸ ਲਈ ਘਰ ਦੇ ਜੀਅ ਉਹਨਾਂ ਦੇ ਇਸ ਸੰਕਲਪ ਤੋਂ ਚਿੰਤਾਤੁਰ ਸਨ। ਪਰ ਉਹ ਸਿਰੜੀ ਪੱਕੇ ਸਨ, ਆਪਣੇ ਹੱਠ ਡੱਟ ਗਏ।

ਸ੍ਰ. ਸਮਸ਼ੇਰ ਸਿੰਘ ਹੋਰਾਂ ਦਾ ਜਥਾ ਸ੍ਰੀ ਹੇਮਕੁੰਟ ਜਾਣਾ ਸੀ; ਆਪ ਉਸ ਜਥੇ ਵਿਚ ਆਪਣੇ ਸੰਗੀਆਂ ਸਮੇਤ ਸ਼ਾਮਲ ਹੋ ਗਏ। ਰਸਤੇ ਵਿਚ ਸੰਗਤਾਂ ਨੂੰ ਕੀਰਤਨ ਰਾਹੀਂ ਨਿਹਾਲ ਕਰਦੇ ਗਏ। ਵਾਹ ਵਾਹ ਰੰਗ ਬੰਨ੍ਹਿਆ।

ਗੋਬਿੰਦ ਧਾਮ ਤੱਕ ਬਿਨਾਂ ਕਿਸੇ ਤਕਲੀਫ ਦੇ ਪਹੁੰਚ ਗਏ। ਅੱਗੇ ਚੜ੍ਹਾਈ ਬੜੀ ਤਿੱਖੀ ਸੀ। ਜੱਥੇ ਨਾਲ ਜੋ

ਡਾਕਟਰ ਸਨ, ਉਹਨਾਂ ਭਾਈ ਸਾਹਿਬ ਨੂੰ ਸਲਾਹ ਦਿੱਤੀ ਕਿ ਉਹ ਅੱਗੇ ਨ ਜਾਣ, ਉਹਨਾਂ ਦਾ ਦਿਲ ਅੱਗੇ ਦੀ ਚੜ੍ਹਾਈ ਝੱਲ ਨਹੀਂ ਪਾਏਗਾ। ਨਾਲੇਂ ਜਿਉਂ ਜਿਉਂ ਉੱਪਰ ਜਾਓ ਵਾਯੂਮੰਡਲ ਵਿਚ ਆਕਸੀਜਨ ਘਟਦੀ ਜਾਂਦੀ ਹੈ ਤੇ ਦਿਲ ਦੇ ਮਰੀਜ਼ਾਂ ਲਈ ਹੋਰ ਵੀ ਤਕਲੀਫ ਦਾ ਕਾਰਨ ਬਣਦੀ ਹੈ।

ਪਰ ਭਾਈ ਸਾਹਿਬ ਨਾ ਮੰਨੇ। ਕਹਿਣ ਲੱਗੇ, ''ਵੱਧ ਤੋਂ ਵੱਧ ਮੈਂ ਮਰ ਜਾਵਾਂਗਾ ਨਾ। ਜੇ ਗੁਰੂ ਦੇ ਰਾਹ ਵਿਚ ਜਾਂਦਿਆਂ ਮਰ ਜਾਵਾਂ ਤਾਂ ਇਸ ਤੋਂ ਉੱਪਰ ਕਿਹੜੀ ਖੁਸ਼ਕਿਸਮਤੀ ਹੋ ਸਕਦੀ ਹੈ?'' ਡਾਕਟਰ ਲੋਕ ਨਿਰੁੱਤਰ ਹੋ ਗਏ।

ਅਗਲੇ ਦਿਨ ਸੰਗਤਾਂ ਨੇ ਸਵੇਰੇ 5 ਵਜੇ ਗੋਬਿੰਦ ਗੋਬਿੰਦ ਧਾਮ ਤੋਂ ਸ੍ਰੀ ਹੇਮ ਕੁੰਟ ਸਾਹਿਬ ਵਾਸਤੇ ਚਾਲੇ ਪਾਉਣੇ ਸਨ। ਭਾਈ ਸਾਹਿਬ ਚਾਰ ਵਜੇ ਹੀ ਤਿਆਰ ਹੋ ਗਏ ਤੇ ਆਪਣੇ ਕੀਰਤਨੀ ਜਥੇ ਦੇ ਦੂਜੇ ਦੋਨਾਂ ਜੀਆਂ ਨੂੰ ਵੀ ਤਿਆਰ ਕਰਵਾ ਲਿਆ ਤੇ ਉਹਨਾਂ ਸਮੇਤ ਚਾਰ ਵਜੇ ਹੀ ਨਿਕਲ ਪਏ, ਮਤੇ ਸੰਗਤਾਂ ਜਾਂ ਡਾਕਟਰ ਮੁੜ ਉਹਨਾਂ ਨੂੰ ਰੋਕਣ ਦਾ ਜਤਨ ਕਰਨ।

ਨਾਲੇ ਤੁਰੀ ਜਾਣ, ਨਾਲ ਸਿਰਮਨ ਕਰਦੇ ਗਏ। ਆਖਰ ਸੰਗਤਾਂ ਦੇ ਪਹੁੰਚਣ ਤੋਂ ਪਹਿਲਾਂ ਸ੍ਰੀ ਹੇਮੁੰਕਟ ਸਾਹਿਬ ਅੱਪੜ ਗਏ। ਸਾਥੀਆਂ ਨੇ ਵੇਖਿਆ, ਆਪ ਦਾ ਰੰਗ ਨੀਲਾ ਪੈ ਗਿਆ ਹੈ। ਉਹਨਾਂ ਭਾਈ ਸਾਹਿਬ ਨੂੰ ਲਿਟਾਇਆ ਤੇ ਹੱਥ ਪੈਰ ਝੱਸੇ। ਪੰਜਾਂ ਕੁ ਮਿੰਟਾਂ ਬਾਦ ਭਾਈ ਸਾਹਿਬ ਸਾਵਧਾਨ ਹੋ ਕੇ ਉੱਠ ਖਲੋਤੇ। ਕੱਪੜੇ ਉਤਾਰੇ ਤੇ ਸਰੋਵਰ ਵਿਚ ਅਸ਼ਨਾਨ ਕੀਤਾ। ਫਿਰ ਤਾਜ਼ਾ ਕੱਪੜੇ ਪਹਿਨੇ ਤੇ ਸੰਗੀਆਂ ਨੂੰ ਕਿਹਾ ਚਲੋ ਗੁਰਦੁਆਰਾ ਸਾਹਿਬ ਪਹੁੰਚੀਏ ਤੇ ਕੀਰਤਨ ਆਰੰਭ ਕੀਤੇ।

ਝਬਦੇ ਹੀ ਗੁਰਦੁਆਰਾ ਸਾਹਿਬ ਪਹੁੰਚ ਗਏ। ਮੱਥਾ ਟੇਕਿਆ ਤੇ ਗੁਰੂ ਦੀ ਹਜ਼ੂਰੀ ਵਿਚ ਚਉਕੜੀ ਮਾਰ ਕੇ ਬੈਠ ਗਏ। ਸ਼ਬਦ ਲਾਇਆ :

ਧੰਨੁ ਸੁ ਦੇਸੁ ਜਹਾ ਤੂੰ ਵਸਿਆ

ਮੇਰੇ ਸਜਣ ਮੀਤ ਮੁਰਾਰੇ ਜੀਉ। (ਅੰਗ ੯੬)

ਇਤਨਾ ਭਿੱਜ ਕੇ ਕੀਰਤਨ ਕੀਤਾ ਕਿ ਨਾਲੇ ਨਾਲ ਗਾਈ ਜਾਣ ਤੇ ਨਾਲੋਂ ਨਾਲ ਰੋਈ ਜਾਣ। ਜਦ ਸੰਗਤਾਂ ਪਹੁੰਚੀਆਂ ਤਾਂ ਉਹ ਵੇਖ ਕੇ ਹੈਰਾਨ ਹੋ ਗਈਆਂ ਕਿ ਭਾਈ ਸਾਹਿਬ ਉਹਨਾਂ ਤੋਂ ਪਹਿਲਾਂ ਪਹੁੰਚ ਵੀ ਗਏ ਸਨ ਤੇ ਕੀਰਤਨ ਵੀ ਕਰ ਰਹੇ ਸਨ।

ਭਾਈ ਸਾਹਿਬ ਦੇ ਨੈਣਾਂ ਚੋਂ ਝਰਨੇ ਫੁੱਟਦੇ ਵੇਖ, ਸੰਗਤਾਂ ਦੇ ਨੇਤਰ ਵੀ ਸਜਲ ਹੋ ਗਏ। ਸ੍ਰੀ ਹੇਮਕੁੰਟ ਸਾਹਿਬ ਦੀ ਏਹੋ ਜਿਹੀ ਯਾਤਰਾ ਕਦੇ ਨਹੀਂ ਹੋਈ ਹੋਣੀ (1976)

●●●●

## ਭਾਈ ਵੀਰ ਸਿੰਘ ਜੀ ਦੇ ਜੀਵਨ 'ਚੋਂ ਕੁਝ ਦਿਲਚਸਪ ਵਾਕਿਆਤ (ਜਗਜੀਤ ਸਿੰਘ ਗੁਲੇਰੀਆ)

ਇਕ ਵਾਰੀ ਭਾਈ ਸਾਹਿਬ ਮਿਹਰ ਦੇ ਰੰਗ ਵਿਚ ਆਏ ਤੇ ਸ੍ਰ: ਧਰਮਪਾਲ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਨਾਲ ਲੈ ਗਏ। ਵੱਡੀ ਪਰਕਰਮਾ ਵਿਚ ਕੋਈ ਰਾਗੀ ਸਿੰਘ ਕੀਰਤਨ ਕਰ ਰਹੇ ਸਨ। ਭਾਈ ਸਾਹਿਬ ਕੁਝ ਮਿੰਟ ਉਥੇ ਖੜ੍ਹੇ ਹੋ ਗਏ, ਨੇਤਰ ਬੰਦ ਸਨ। ਆਪ ਨੇ ਰਾਗੀ ਸਿੰਘ ਨੂੰ 5 ਰੁਪਏ ਅਰਦਾਸ ਕਰਵਾਏ। ਉਸੀ ਸਮੇਂ ਧਰਮਪਾਲ ਸਿੰਘ ਨੇ ਵੀ 5 ਰੁਪਏ ਅਰਦਾਸ ਕਰਵਾਏ। ਭਾਈ ਸਾਹਿਬ ਉੱਥੋਂ ਚਲ ਪਏ ਅਤੇ ਧਰਮਪਾਲ ਸਿੰਘ ਤੋਂ ਪੁੱਛਿਆ ਕਿ ਤੁਸੀਂ 5 ਰੁਪਏ ਕਿਉਂ ਅਰਦਾਸ ਕਰਵਾਏ ਹਨ? ਕੀ ਸਾਨੂੰ ਦੇਖ ਕੇ ਕਰਵਾਏ ਹਨ? ਧਰਮਪਾਲ ਸਿੰਘ ਨੇ ਉੱਤਰ ਦਿੱਤਾ ਕਿ ਸਵਾਦ ਆ ਗਿਆ ਸੀ ਤੇ ਖਿਆਲ ਕਰ ਰਿਹਾ ਸੀ ਕਿ ਕੁਝ ਅਰਦਾਸ ਕਰਾਵਾਂ। ਜੋ ਆਪ ਨੇ ਅਰਦਾਸ ਕਰਵਾਈ, ਫਿਰ ਦਾਸ ਨੇ ਵੀ ਕਰਵਾਈ। ਭਾਈ ਸਾਹਿਬ ਨੇ ਫੁਰਮਾਇਆ ਕਿ ਇਸ ਤਰ੍ਹਾਂ ਜਦੋਂ ਕੀਰਤਨ ਵਿਚ ਸਵਾਦ ਆਵੇ, ਤਾਂ ਹੱਥੋਂ ਕੁਝ ਦੇ ਕੇ ਅਰਦਾਸ ਕਰਵਾ ਦਿੱਤਾ ਕਰੋ। ਜੇ ਅਰਦਾਸ ਨਾ ਕਰਵਾਈਏ, ਤਦੋਂ ਫਿਰ ਆਪਣੀ ਕਮਾਈ ਵਿਚ ਕੁਝ ਦੇਣਾ ਪੈਂਦਾ ਹੈ। ਇਹ ਚੰਗਾ ਹੈ, ਚਿਤ ਜੁੜਿਆ ਸਵਾਦ ਆਇਆ, ਭੇਟਾ ਕਰ ਦਿੱਤੀ। ਹਿਸਾਬ ਸਾਫ ਹੋ ਗਿਆ।

# ਭਾਈ ਮਨੀ ਸਿੰਘ ਜੀ ਦੀਆਂ ਲਿਖਤਾਂ ਵਿੱਚ ਕੀਰਤਨ ਦੀ ਮਹੱਤਤਾ

**ਡਾ. ਜਾਗੀਰ ਸਿੰਘ**

ਭਾਈ ਮਨੀ ਸਿੰਘ ਜੀ ਜੀ ਦਾ ਨਾਮ ਸਿੱਖ ਇਤਿਹਾਸ ਵਿੱਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਆਪ ਜੀ ਦੀ ਸ਼ਹੀਦੀ ਬੇਮਿਸਾਲ ਹੈ। ਇਸ ਲਈ ਜਦੋਂ ਵੀ ਉਹਨਾਂ ਨੂੰ ਯਾਦ ਕੀਤਾ ਜਾਂਦਾ ਹੈ ਤਾਂ ਉਹਨਾਂ ਦੀ ਲਾਸਾਨੀ ਸ਼ਹੀਦੀ ਕਰਕੇ ਹੀ ਯਾਦ ਕੀਤਾ ਜਾਂਦਾ ਹੈ। ਕਿਵੇਂ ਉਹਨਾਂ ਨੇ ਬੇਖੌਫ ਹੋ ਕੇ ਬੰਦ ਬੰਦ ਕਟਵਾਏ। ਬਹੁਤ ਘਟ ਲੋਕਾਂ ਨੂੰ ਪਤਾ ਹੈ ਕਿ ਆਪ ਇਕ ਕੁਸ਼ਲ ਪ੍ਰਬੰਧਕ ਸਨ। ਗੁਰੂਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਅਤੇ ਕੀਰਤਨ ਮਰਿਆਦਾ ਨੂੰ ਸੁਚਾਰੂ ਰੂਪ ਨਾਲ ਚਲਾਉਣ ਹਿਤ ਮਾਤਾ ਸੁੰਦਰੀ ਜੀ ਨੇ ਸੰਨ 1721 ਵਿਚ ਭਾਈ ਮਨੀ ਸਿੰਘ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਕਿਰਪਾਲ ਸਿੰਘ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਭੇਜਿਆ।[1] ਭਾਈ ਮਨੀ ਸਿੰਘ ਜੀ ਨੂੰ ਮਾਤਾ ਸੁੰਦਰੀ ਜੀ ਨੇ ਹਰਿਮੰਦਿਰ (ਅੰਮ੍ਰਿਤਸਰ) ਦਾ ਗ੍ਰੰਥੀ ਥਾਪ ਕੇ ਭੇਜਿਆ ਸੀ।[2], ਭਾਈ ਮਨੀ ਸਿੰਘ ਦੇ ਅੰਮ੍ਰਿਤਸਰ ਆਉਣ ਨਾਲ ਭਾਰੀ ਗਿਣਤੀ ਵਿਚ ਸੰਗਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰਿਆਂ ਲਈ ਆਉਣ ਲੱਗੀਆਂ ਅਤੇ ਭਾਈ ਮਨੀ ਸਿੰਘ ਨੇ ਸਥਾਨਕ ਸੰਗਤਾਂ ਦੀ ਸਹਾਇਤਾ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਮਰਿਆਦਾ ਮੁੜ ਤੋਂ ਬਹਾਲ ਕੀਤੀ।[3]

ਇਸ ਦੇ ਨਾਲ ਨਾਲ ਭਾਈ ਸਾਹਿਬ ਨੇ ਸਿੱਖ ਸਾਹਿਤ ਦੀ ਸੰਭਾਲ ਲਈ ਵੀ ਜਤਨ ਅਰੰਭ ਕੀਤੇ ਆਪ ਨੇ ਦਸਮ ਗ੍ਰੰਥ ਨਾਲ ਸਬੰਧਤ ਰਚਨਾਵਾਂ ਦਾ ਅਧਿਐਨ ਕਰਨਾ ਅਰੰਭ ਕੀਤਾ ਤਾਂ ਜੋ ਇਹ ਨਿਰਨਾ ਕੀਤਾ ਜਾ ਸਕੇ ਕਿ ਕਿਹੜੀਆਂ ਬਾਣੀਆਂ ਸ੍ਰੀ ਗੁਰੂ ਗੋਬਿਦ ਸਿੰਘ ਜੀ ਦੀਆਂ ਰਚਨਾਵਾਂ ਹਨ। ਆਪ ਨੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਵਿਸਥਾਰ ਸਹਿਤ ਅਰਥ ਅਤੇ ਉਹਨਾਂ ਦਾ ਇਤਿਹਾਸਕ ਪਰਿਪੇਖ ਤਲਾਸ਼ਣ ਦੀ ਕੋਸ਼ਿਸ਼ ਵੀ ਕੀਤੀ। ਗੁਰੂ ਸਾਹਿਬ ਦੇ ਵਿਸ਼ੇਸ਼ ਸਿਖਾਂ ਦੀਆਂ ਜੀਵਨੀਆਂ ਤੇ ਅਧਾਰਿਤ ਸਿੱਖਾਂ ਦੀ ਭਗਤਮਾਲਾ ਤਿਆਰ ਕੀਤੀ। ਆਪ ਦੇ ਨਾਮ ਹੇਠ ਗਿਆਨ ਰਤਨਾਵਲੀ, ਸਿੱਖਾਂ ਦੀ ਭਗਤਮਾਲ ਅਤੇ ਜਨਮ ਸਾਖੀ ਨਾਮਕ ਪੁਸਤਕਾਂ ਮਿਲਦੀਆਂ ਹਨ। ਆਪ ਦੀ ਵਾਰਤਕ ਬੜੀ ਰੌਚਿਕ ਹੈ। ਇਸ ਵਿੱਚ ਕਮਾਲ ਦੀ ਰਵਾਨੀ ਅਤੇ ਸਰਸਤਾ ਹੈ।

ਆਪ ਦੀਆਂ ਇਹਨਾਂ ਰਚਨਾਵਾਂ ਦਾ ਜ਼ਰਾ ਡੂੰਘਾ ਅਧਿਐਨ ਕਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਆਪ ਨੂੰ ਗੁਰਬਾਣੀ ਕੀਰਤਨ ਅਰਥਾਤ ਗੁਰਮਤਿ ਸੰਗੀਤ ਦਾ ਭਰਪੂਰ ਗਿਆਨ ਸੀ। ਗੁਰੂ ਸਾਹਿਬਾਨ ਨਾਲ ਸਬੰਧਤ ਸਾਖੀਆਂ ਬਿਆਨ ਕਰਦੇ ਸਮੇਂ ਆਪ ਗੁਰਮਤਿ ਸੰਗੀਤ ਦੇ ਰਹੱਸਾਂ ਬਾਰੇ ਕਮਾਲ ਦੀਆਂ ਟਿਪਣੀਆਂ ਕਰ ਜਾਂਦੇ ਹਨ।

ਭਾਈ ਮਰਦਾਨਾ ਦੇ ਗੁਰੂਨਾਨਕ ਦੇਵ ਜੀ ਨਾਲ ਮੇਲ ਬਾਰੇ ਸਾਖੀ ਵਿੱਚ ਗੁਰਬਾਣੀ, ਰਾਗ ਅਤੇ ਕੀਰਤਨੀਆਂ ਬਾਰੇ ਪਤਾ ਚਲਦਾ ਹੈ। ਜਦੋਂ ਮਰਦਾਨਾ ਗੁਰੂਨਾਨਕ ਦੇਵ ਜੀ ਨੂੰ ਮਿਲਦਾ ਹੈ ਤਾਂ ਗੁਰੂਸਾਹਿਬ ਉਸ ਸਮੇਂ ਜੋ ਬਚਨ ਉਚਾਰਦੇ ਹਨ ਉਹ ਕੇਵਲ ਮਰਦਾਨੇ ਲਈ ਨਹੀਂ ਹਨ ਸਗੋਂ ਉਸ ਤੋਂ ਅਜੋਕੇ ਰਾਗੀਆਂ ਰਬਾਬੀਆਂ,ਅਤੇ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕਾਂ ਨੂੰ ਇੱਕ ਸੇਧ ਮਿਲਦੀ ਹੈ

**ਅਰ ਇਕ ਦਿਨ ਮਰਦਾਨਾ ਮਿਰਾਸੀ ਬਾਬੇ ਨੂੰ ਆਨ ਮਿਲਿਆ ਸੋ ਤਦ ਲੋਕ ਫਰੀਦ ਜੀ ਦੀ ਜਾਰਤ ਨੂੰ ਜਾਂਦੇ ਸਨ ਤਾਂ ਮਰਦਾਨੇ ਕਹਿਆ, ਬਾਬਾ ਜੀ ਜੇ ਤੂ ਚਲੇਂ ਅਸੀਂ ਵੀ ਜਾਤ੍ਰਾ ਵਾਲਿਆਂ ਨਾਲ ਜਾਰਤ ਕਰ ਆਈਏ। ਤਾਂ ਬਾਬੇ ਆਖਿਆ ਜੇ ਤੂੰ ਅਸਾਡੇ ਨਾਲ ਪੱਕੀ ਰਿਫਾਕਤ ਕਰੇਂ. ਤਾਂ ਅਸੀਂ. ਜਾਈਏ, ਤਾਂ ਉਸ ਆਖਿਆ ਜਿ ਜੇ ਤੂੰ ਮੇਰੀ ਅਤੇ ਮੇਰੇ ਕੁਟੰਬੀਆਂ ਦੀ ਖਬਰ ਲਵੇਂ ਤਾਂ ਮੈਂ ਕਿਉਂ ਨਹੀਂ ਰਿਫਾਕਤ ਕਰਦਾ। ਤਾਂ ਬਾਬੇ ਕਹਿਆ ਰਾਗ ਤੂੰ ਜਿਹੜਾ ਜਾਣਦਾ ਹੈਂ ਸੋ ਇਹੋ ਸਬਦ ਰਾਗ ਪਾਇਕੇ ਨਿਹਕਾਮ ਹੋ ਕੇ ਗਾਵੇਂਗਾ ਤਾਂ ਤੇਰਾ ਪਰਲੋਕ ਸਿਧ ਹੋਵੇਗਾ ਤੇ ਜੇ ਇਹੋ ਸਬਦ ਤੇਰੇ ਵੰਸ ਵਾਲੇ ਗਾਵਨਗੇ ਤਾਂ ਉਨਕਾ ਵਿਵਹਾਰ ਸਿਧ ਹੋਵੇਗਾ।[4]**

ਭਾਈ ਮਾਲੋ ਅਤੇ ਮਾਂਗਾ ਦੋ ਸਿੱਖਾਂ ਨਾਲ ਸਬੰਧਤ ਇੱਕ ਸਾਖੀ ਵਿੱਚ ਭਾਈ ਸਾਹਿਬ ਨੇ ਜਿਥੇ ਕੀਰਤਨ ਦੀ ਮਹੱਤਤਾ ਦਰਸਾਈ ਉਥੇ ਇਸ ਵਾਰਤਾਲਾਪ ਵਿੱਚ ਉਸ ਵੇਲੇ ਪ੍ਰਚਲਿਤ ਵੱਖ ਕਿੱਤਿਆਂ ਦੀ ਮਹੱਤਤਾ ਵੀ ਪਤਾ ਚਲਦਾ ਹੈ। ਬਾਕੀ ਕਰਮਾਂ ਦੇ ਮੁਕਾਬਲੇ ਤੇ ਕੀਰਤਨ ਫਲ ਦੀ ਮਹਿਮਾਂ ਨੂੰ ਬੜੇ ਸੁੰਦਰ ਦ੍ਰਿਸ਼ਟਾਂਤਾਂ ਨਾਲ ਪ੍ਰਭਾਵਸ਼ਾਲੀ ਵਾਰਤਕ ਵਿੱਚ ਵਾਰਤਲਾਪ ਸਿਰਜਦਿਆਂ ਇਉਂ ਦਰਸਾਇਆ ਗਿਆ ਹੈ:

**'ਤੁਸਾਂ ਬਚਨ ਕੀਤਾ ਹੈ ਜੇ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫਲੁ ਵਡਾ ਹੈ, ਏਹ ਅਸਾਡੇ ਸਮਝ ਵਿਚ ਕੈਸੇ ਆਵੇ? ਬਚਨ ਹੋਇਆ ਜੋ ਲਕੜਹਾਰੇ ਲੱਕੜੀਆਂ ਲਿਆਂਦੇ ਹੈਨਿ ਤੇ ਪਾਂਡੀ ਪੰਡਾਂ ਲਿਆਵੰਦੇ ਹੈਨ, ਸੋ ਮਜੂਰੀ ਵੱਡੀ ਕਰਦੇ ਹੈਨਿ ਤੇ ਨਫਾ ਥੋੜ੍ਹਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫਾ ਵਧੀਕ ਹੁੰਦਾ ਹੈ ਤੇ ਸਰਾਫ ਤੇ ਬਜਾਜ ਓਨ੍ਹਾਂ ਥੀਂ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੁਪਯਾਂ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲਿ ਬੈਠੇ ਰਹਿੰਦੇ ਹਨ, ਪਰ ਨਫਾ ਬਹੁਤ ਉਨ੍ਹਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰ ਜੋ ਤਪ ਹੈਨਿ, ਸੋ ਸਰੀਰ ਉਪਰ ਕਸ਼ਟ ਹੁੰਦਾ ਹੈ, ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ ਕਥਾ ਕੀਰਤਨ ਦੇ ਪੜ੍ਹਨ ਸੁਣਨ ਕਰ ਪ੍ਰਿਥਮੈ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ, ਪਿੱਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ ਤਾਂ ਏਹੁ ਬਚਨੁ ਸੁਣਕੇ ਭਾਈ ਮਾਲੋ ਪੋਥੀ ਗੁਰੂ ਕੀ ਬਾਣੀ ਦੀ ਕਥਾ ਕਰੇ ਤੇ ਭਾਈ ਮਾਂਗਾ ਸਨਮੁੱਖ ਬੈਠ ਕੇ ਸਭ ਇੰਦ੍ਰੀਆਂ ਤੇ ਮਨ ਨੂੰ ਸੰਕੋਚ ਕੈ ਸੁਣੈ, ਤੇ ਦੋਨੋ ਮਿਲ ਕੇ ਫੇਰ ਕੀਰਤਨ ਕਰਨਿ, ਤਾਂ ਓਨ੍ਹਾਂ ਦੀ ਰਸਨਾ ਥੀਂ ਐਸਾ ਸਭ ਸਿੱਖਾਂ ਨੂੰ ਰਸ ਆਵੈ ਕਿ ਜੋ ਕੋਈ ਸੁਣੇ, ਸਭ ਪਾਪਾਂ ਦਾ ਤਿਆਗੁ ਕਰਨਿ।"[5]** ਗੁਰ ਅਰਜਨ ਦੇਵ ਜੀ ਸਮੇਂ ਦੇ ਦੋ ਸਿੱਖਾਂ ਭਾਈ ਝਾਝੂ ਅਤੇ ਮੁਕੰਦ ਬਾਰੇ ਲਿਖਦਿਆਂ ਗੁਰਬਾਣੀ ਦੇ ਪਾਠ ਅਤੇ ਗੁਰਬਾਣੀ ਦੇ ਕੀਰਤਨ ਦੀ ਮਹੱਤਤਾ ਨੂੰ ਬੜੇ ਸੁੰਦਰ ਢੰਗ ਨਾਲ ਬਿਆਨ ਕਰਦੇ ਹਨ- **'ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈ ਦੀ ਹੈ ਅਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ। ਤੈਸੇ ਬਾਣੀ ਦੇ ਪਾਠ ਦਾ ਫਲ ਹੋਤਾ ਹੈ। ਪਰ ਖੂਹ ਦਾ ਪਾਣੀ ਦੂਜੇ ਦੀ ਪੈਲੀ ਨਜਦੀਕ ਹੋਵੇ ਤਾਂ ਉਸ ਨੂੰ ਭੀ ਪਹੁੰਚਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੈ ਬਰਖਾ ਕਰਦਾ ਹੈ ਤਾਂ ਸਭੈ ਪੈਲੀਆਂ ਹਰੀਆਂ ਹੁੰਦੀਆਂ ਹਨ।6**

ਇਕ ਹੋਰ ਸਾਖੀ ਵਿਚ ਜਿਥੇ ਸਰੋਤੇ ਦਾ ਸਥਾਨ ਨਿਸ਼ਚਿਤ ਕੀਤਾ ਗਿਆ ਹੈ ਉਥੇ ਇਹ ਵੀ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸੰਗੀਤ ਨੂੰ ਬਾਣੀ ਦੇ ਅਧੀਨ ਰੱਖਿਆ ਹੈ ਜੋ ਗੁਰਮਤਿ ਸੰਗੀਤ ਦੀ ਇੱਕ ਵਿਸ਼ੇਸ਼ਤਾ ਹੈ।:

**ਇਕ ਰਾਗ ਰਾਗਨੀਆਂ ਸਮਝਦੇ ਹੈਨ।। ਇਕ ਸੁਰ ਨੂੰ ਸਮਝਦੇ ਹੈਨ।। ਇਕ ਸਾਜ ਨੂੰ ਸਮਝਦੇ ਹੈਨ।। ਇਕ ਸਬਦ ਦੇ ਤਾਤਪਰਜ ਨੂੰ ਸਮਝਦੇ ਹੈਨ।। ਤੁਮ ਵਡੇ ਸ੍ਰੋਤੇ ਹੈ ਜੋ ਸਬਦ ਦੇ ਤਾਤਪਰਜ ਨੂੰ ਸਮਝਦੇ ਹੋ। ਕਾਗ ਭਸੁੰਡ ਕਹਿਆ ਉਤਮ ਹੈ ਕਿ ਮਹਾਰਾਜ ਦੇ ਕੀਰਤਨ ਦੇ ਤਾਤਪਰਜ ਨੂੰ ਸਮਝਦੇ ਹੈਂ, ਸੋ ਰਸ ਪਾਵਤੇ ਹੈਂ। ਜੋ ਰਾਗਾਂ ਨੂੰ ਤਾਰਾਂ ਸਮਝਦੇ ਹੈਂ ਸੋ ਛਿਲ ਖਾਤੇ ਹੈਂ।**[7]

ਸ਼ੇਖ ਬ੍ਰਹਮ ਨਾਲ ਗੁਰੂ ਨਾਨਕ ਦੇਵ ਜੀ ਦੇ ਮਿਲਾਪ ਨੂੰ ਦਰਸਾਉਂਦਿਆਂ ਭਾਈ ਮਨੀ ਸਿੰਘ ਜੀ ਸਾਖੀ ਰਚਨਾ ਕਰਦੇ ਹਨ ਇੱਥੇ ਜੋ ਵਾਰਤਾਲਾਪ ਹੁੰਦਾ ਉਸ ਤੋਂ ਵਾਰ ਦੀ ਮਹੱਤਤਾ ਵਾਰ ਗਾਇਨ ਦਾ ਪ੍ਰਭਾਵ ਅਧਿਆਤਮਕ ਵਾਰ ਦੀ ਮਹੱਤਤਾ, ਰਾਗ ਗਉੜੀ ਅਤੇ ਰਾਮਕਲੀ ਸਬੰਧੀ ਕਥਨ ਅਤੇ ਆਸਾ ਦੀ ਵਾਰ ਦੇ ਗਾਇਨ ਬਾਰੇ ਵੇਰਵੇ ਮਿਲਦੇ ਹਨ। ਭਾਈ ਸਾਹਿਬ ਲਿਖਦੇ ਹਨ- **ਫਿਰ ਸੇਖ ਬ੍ਰਹਮ ਕਹਿਆ ਕਿ ਜੋ ਜੀ ਢਾਢੀ ਰਾਜਿਓਂ ਕੀ ਵਾਰ ਗਾਵਤੇ ਹੈਂ ਸੋ ਰਾਜੇ ਭੀ ਪ੍ਰਸੰਨ ਹੋਵਤੇ ਹੈਂ ਅਰ ਸੂਰਮੇਂ ਭੀ ਪ੍ਰਸੰਨ ਹੋ ਕੇ ਜੁਧ ਕਰਤੇ ਹੈਂ ਅਰ ਕਾਇਰਾਂ ਦੇ ਮਨ ਮੈਂ ਭੀ ਜੁੱਧ ਕਾ ਉਦਮ ਹੋਇ ਆਵਤਾ ਹੈ। ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ ਅਤੇ ਸੰਤ ਭੀ ਪ੍ਰਸੰਨ ਹੋਤੇ ਹੈਂ, ਅਰ ਜੋਨਿ ਸੋ ਜਗਯਾਂਸੀ ਹੈਂ ਤਿਨੋਂ ਕੋਂ ਭੀ ਮਨ ਅਰ ਇੰਦ੍ਰੀਅਹੁ ਕੇ ਜੀਤਨੇ ਕਾ ਉਦਮ ਹੋਇ ਆਵਤਾ ਹੈ। ਤਾਂ ਤੇ ਤੁਸੀ ਮੇਰੇ ਤਾਂਈ ਕਾਈ ਪਰਮੇਸਰ ਕੀ ਵਾਰ ਸੁਣਾਵਹੁ। ਤਾਂ ਬਾਬੇ ਕਹਿਆ ਮਰਦਾਨਿਆ ਕਬੀਰ ਜੀ ਗਉੜੀ ਕਾ ਰਾਗ ਅੰਗੀਕਾਰ ਕੀਆ ਹੈ ਅਰ ਸਿਧਹੁ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ ਅਰ ਹਮਾਰੇ ਸਭੀ ਰਾਗ ਹੈਂ ਅਰ ਇਹ ਪੀਰ ਆਸਾਵੰਤ ਆਇਆ ਹੈ ਸੋ ਆਸਾ ਕੇ ਰਾਗ ਵਿਚ ਵਾਰ ਸੁਣਾਵਹੁ।**[8]

ਭਾਈ ਸਾਹਿਬ ਦੀ ਲਿਖਤਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਕਰਤਾਰ ਪੁਰ ਵਿੱਚ ਸਵੇਰੇ ਸ਼ਾਮ ਕੀਰਤਨ ਦੀ ਮਰਯਾਦਾ ਸਥਾਪਤ ਹੋ ਗਈ ਸੀ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਸੀ। ਭਾਈ ਗੁਰਦਾਸ ਜੀ ਦੀ ਵਾਰ ਦੀ ਇੱਕ ਪਉੜੀ ਦੀ ਵਿਆਖਿਆ ਕਰਦਿਆਂ ਆਪ ਲਿਖਦੇ ਹਨ- **ਕਰਤਾਪੁਰ ਵਿਚ ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜਦਿਆਂ ਤੀਕਰ ਬਾਣੀ ਦੀ ਚਰਚਾ ਹੋਵੇ ਅਰ ਉਪਰੰਤ ਕੀਰਤਨ ਹੋਵੇ ਅਰ ਫੇਰ ਆਰਤੀ ਪੜੀਏ ਅਰ ਫੇਰ ਕੀਰਤਨ ਕਰੀਏ। ਅਰ ਸੰਧਿਆ ਨੂੰ ਰਹੁਰਾਸ ਪੜ੍ਹੀਏ ਅਰ ਫੇਰ ਕੀਰਤਨ ਗਾਵੀਏ ਅਤੇ ਪਹਰ ਰਾਤ ਗਈ ਸੋਹਿਲਾ ਪੜੀਏ ਅਰ ਫੇਰ ਪਿਛਲੀ ਰਾਤ ਜਪ ਪੜੀਏ ਅਰ ਆਸਾ ਦੀ ਵਾਰ ਪੜੀਏ।**[9] ਇਸ ਤਰ੍ਹਾਂ ਭਾਈ ਮਨੀ ਸਿੰਘ ਦੀਆਂ ਲਿਖਤਾਂ ਬਾਕੀ ਗੁਰਮਤਿ ਸਿਧਾਂਤਾਂ ਨੂੰ ਦ੍ਰਿੜ ਕਰਵਾਉਣ ਦੇ ਨਾਲ ਨਾਲ ਗੁਰਮਤਿ ਸੰਗੀਤ ਅਰਥਾਤ ਗੁਰਬਾਣੀ ਕੀਰਤਨ ਦੇ ਸਿਧਾਂਤਾਂ ਨੂੰ ਭਲੀ ਭਾਂਤ ਉਜਾਗਰ ਕਰਦੀਆਂ ਹਨ।

1. Bhagat Singh (Dr.), Golden Temple, p.8. 2. ਕਾਨ ਸਿੰਘ ਨਾਭਾ (ਭਾਈ), ਮਹਾਨ ਕੋਸ਼ ਪੰਨਾ 213.
3. ਮਦਨ ਜੀਤ ਕੌਰ, ਦਾ ਗੋਲਡਨ ਟੈਂਪਲ ਪਾਸਟ ਐਂਡ ਪਰੈਜੈਂਟ, ਗੁਰੂਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1983, ਪੰਨਾ 212.
4 ਜਨਮ ਸਾਖੀ ਪਰੰਪਰਾ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਪੰਨਾ 332 333
5 ਸਿੱਖਾਂ ਦੀ ਭਗਤ ਮਾਲ, ਪੰਨਾ 45- 47 6 ਸਿੱਖਾਂ ਦੀ ਭਗਤ ਮਾਲ, ਪੰਨਾ 91 92
7 ਗਿਆਨ ਰਤਨਾਵਲੀ ਹਵਾਲਾ ਨਿਰਬਾਣ ਕੀਰਤਨ ਗਿਆਨੀ ਹਰਬੰਸ ਸਿੰਘ ਪੰਨਾ 31 32
8 ਜਨਮ ਸਾਖੀ ਪਰੰਪਰਾ, ਭਾਈ ਮਨੀ ਸਿੰਘ ਵਾਲੀ ਜਨਮ ਸਾਖੀ, ਪੰਨਾ 333

# ਛੋਡਿ ਮਾਇਆ ਕੇ ਧੰਧ ਸੁਆਉ

ਕਰਮ ਸਿੰਘ ਰਤਨ

ਕੀਰਤਨ ਤਾਂ ਅਸੀਂ ਸਾਰੇ ਹੀ ਕਰਦੇ ਹਾਂ, ਪਰ ਕੀਰਤਨ ਦਾ ਰਸ ਕੀ ਹੁੰਦਾ ਹੈ, ਕੀਰਤਨ ਦਾ ਆਨੰਦ ਕੀ ਹੁੰਦਾ ਹੈ, ਆਨੰਦ ਅਤੇ ਰਸ ਵਿਚ ਕੀਰਤਨ ਕਰਨਾ ਉਹ ਕੀਰਤਨ ਹੈ, ਜਿਸ ਆਨੰਦ ਵਿਚ ਗੁਰੂ ਨਾਨਕ ਜੀ ਕੀਰਤਨ ਕਰਦੇ ਸਨ, ਗੁਰੂ ਨਾਨਕ ਜੀ ਇਕ ਹੀ ਸਾਜ਼ (ਰਬਾਬ) ਨਾਲ ਹੀ ਕੀਰਤਨ ਕਰਦੇ ਸਨ, ਹੋਰ ਕੋਈ ਸਾਜ਼ ਤਬਲਾ ਯਾਂ ਢੋਲਕ ਵਾਜਾ ਅਤੇ ਨਾ ਹੀ ਅੱਜ ਵਰਗੇ ਆਧੁਨਿਕ ਸਾਜ਼ ਹੁੰਦੇ ਸਨ, ਪਰ ਸਤਿਗੁਰ ਦੀ ਰਸਨਾ ਵਿਚ ਇਕ ਅਦੁੱਤੀ ਰਸ ਹੁੰਦਾ ਸੀ, ਜਿਸ ਰਸ ਵਿਚ ਜੰਗਲਾਂ ਦੇ ਜਾਨਵਰ ਵੀ ਸਰਸ਼ਾਰ ਹੋ ਜਾਂਦੇ ਸਨ ਅਤੇ ਜਿੱਥੇ ਜਿੱਥੇ ਸਤਿਗੁਰ ਦੀ ਆਵਾਜ਼ ਪਹੁੰਚਦੀ ਸੀ, ਉਹ ਇਲਾਕਾ ਤੇ ਸਾਰੀ ਕਾਇਨਾਤ, ਸੁਹਾਵਣੀ ਤੇ ਸੁਰਮਈ ਹੋ ਜਾਂਦੀ ਸੀ, ਉਸ ਇਲਾਕੇ ਦੀ ਹਵਾ ਵੀ ਖੁਸ਼ਬੂਦਾਰ ਹੋ ਜਾਂਦੀ ਸੀ। ਜੇਕਰ ਸਤਿਗੁਰ ਦੀ ਆਵਾਜ਼ ਠਾਕੁਰ ਹਰੀਦਾਸ ਦੇ ਕੰਨਾਂ ਵਿਚ ਪਈ, ਤਾਂ ਉਹ ਖਿਚਿਆ ਚਲਾ ਗਿਆ ਅਤੇ ਸਤਿਗੁਰ ਜੀ ਅਤੇ ਭਾਈ ਮਰਦਾਨਾ ਜੀ ਤੋਂ ਸਿੱਖਿਆ ਪਾ ਕੇ, ਐਸਾ ਮਹਾਨ ਸੰਗੀਤਕਾਰ ਹੋ ਗਿਆ ਕਿ ਅੱਗੋਂ, ਉਸਤਾਦ ਤਾਨ ਸੈਨ ਅਤੇ ਬੈਜੂ ਬਾਵਰਾ ਵਰਗੇ ਮਹਾਨ ਸੰਗੀਤਕਾਰ ਉਹਨਾਂ ਤੋਂ ਸਿੱਖਿਆ ਪਾ ਕੇ ਸੰਗੀਤਕਾਰ ਬਣੇ। ਅਤੇ ਜੇਕਰ ਠੱਗਾਂ ਤੇ ਡਾਕੂਆਂ ਨੇ ਕੀਰਤਨ ਸੁਣਿਆ ਤਾਂ ਉਹ ਸੱਜਣ ਬਣ ਗਏ। ਕੌਡੇ ਰਾਖਸ਼ ਵਰਗੇ ਵੀ ਮਨੁੱਖ ਅਤੇ ਦੇਵਤੇ ਬਣ ਗਏ (ਜਿਨ ਮਾਣਸ ਤੇ ਦੇਵਤੇ ਕੀਏ, ਕਰਤ ਨਾ ਲਾਗੀ ਬਾਰ) ਗੁਰੂ ਨਾਨਕ ਦਾ ਕੀਰਤਨ ਸੁਣ ਕੇ, ਕੌੜੇ ਰੀਠੇ ਮਿੱਠੇ ਹੋ ਗਏ। ਪੱਥਰ ਵੀ ਮੋਮ ਹੋ ਗਏ ਤੇ ਪੱਥਰਾਂ ਨੇ ਗੁਰੂ ਨਾਨਕ ਦੇ ਨਿਸ਼ਾਨ ਸੰਭਾਲ ਲਏ ਅਤੇ ਬਗਦਾਦ ਵਿਚ ਸਤਿਗੁਰ ਨੂੰ ਪੱਥਰ ਮਾਰਨ ਆਏ ਲੋਕ, ਸਤਿਗੁਰ ਦੀ ਮਿੱਠੀ ਆਵਾਜ਼ ਸੁਣ ਕੇ, ਭੁੱਲ ਹੀ ਗਏ ਕਿ ਅਸੀਂ ਪੱਥਰ ਮਾਰਨ ਆਏ ਸੀ (ਸੁੰਨ ਮੁੰਨ ਨਗਰੀ ਦੇਖ ਪਈ ਦੇਖ ਪੀਰ ਭਇਆ ਹੈਰਾਨਾ)।

ਇਸ ਮਹਾਨ ਰਸ ਦਾ ਕਾਰਨ ਇਸ ਦੀ ਵੱਡੀ ਵਜਾਹ ਇਹ ਸੀ ਕਿ ਗੁਰੂ ਨਾਨਕ ਸਿਰਫ ਪ੍ਰਭੂ ਭਗਤੀ ਲਈ ਹੀ ਗਾਉਂਦੇ ਸਨ, ਕਿਉਂਕਿ ਨੌਂ ਪ੍ਰਕਾਰ ਦੀ ਭਗਤੀ ਮੰਨੀ ਜਾਂਦੀ ਹੈ ਲੇਕਿਨ ਸਭ ਤੋਂ ਉੱਤਮ ਭਗਤੀ ਹੈ ਕੀਰਤਨ। ਭਗਤੀ ਪ੍ਰਭੂ ਦਾ ਜੱਸ ਗਾਅ ਕੇ ਪ੍ਰਭੂ ਨੂੰ ਰੀਝਾਉਣਾ ਤੇ ਪ੍ਰਭੂ ਨੂੰ ਪਾ ਲੈਣਾ, ਇਸ ਕੀਰਤਨ ਭਗਤੀ ਨਾਲ ਹੀ ਸਤਿਗੁਰ (ਗੁਰੂ ਨਾਨਕ ਨਾਨਕੁ ਹਰਿ ਸੋਇ) (ਗੌਂਡ ਮ: ੫ ਪੰਨਾ 865) ਨਾਨਕ ਤੇ ਹਰੀ ਵਿਚ ਕੋਈ ਫਰਕ ਨਹੀਂ ਸੀ ਰਹਿ ਗਿਆ। ਗੁਰੂ ਨਾਨਕ ਮਾਇਆ ਵਾਸਤੇ ਨਹੀਂ ਸਨ ਗਾਉਂਦੇ । ਉਹ ਸਿਰਫ ਤੇ ਸਿਰਫ ਪ੍ਰਮਾਤਮਾ ਤੇ ਪ੍ਰਭੂ ਲਈ ਹੀ ਗਾਉਂਦੇ ਸਨ। ਉਹਨਾਂ ਦਾ ਗਾਉਣਾ ਹੀ ਭਗਤੀ ਸੀ ਅਤੇ ਗਾਉਣਾ ਹੀ ਪ੍ਰਚਾਰ ਸੀ।

ਗੁਰੂ ਕੇ ਕੀਰਤਨੀਆਂ ਨੂੰ ਵੀ ਮੇਰੀ ਹੱਥ ਜੋੜ ਕੇ ਪ੍ਰਾਰਥਨਾ ਹੈ ਕਿ ਕੀਰਤਨ ਸਿਰਫ ਈਸ਼ਵਰ ਪ੍ਰਭੂ ਲਈ ਗਾਉ। ਮਾਇਆ ਵਾਸਤੇ ਨਾ ਗਾਉ। ਜਿਸ ਤਰ੍ਹਾਂ ਸਤਿਗੁਰ ਜੀ ਬਾਣੀ ਵਿਚ ਲਿਖਦੇ ਹਨ (ਤੀਰਥਿ ਜਾਉ ਤ ਹਉ ਹਉ ਕਰਤੇ। ਪੰਡਿਤ ਪੂਛਉ ਤ ਮਾਇਆ ਰਾਤੇ।੧। ਸੋ ਅਸਥਾਨ ਬਤਾਵਹੁ ਮੀਤਾ। ਜਾ ਕੈ ਹਰਿ ਹਰਿ ਕੀਰਤਨੁ ਨੀਤਾ।੧।। ਆਸਾ ਮ: ੫ (ਪੰਨਾ 385) ਅਰਥਾਤ ਕਿ ਮੈਂ ਤੀਰਥਾਂ ਤੇ ਜਾ ਜਾ ਕੇ ਦੇਖਿਆ ਹੈ ਕਿ ਤੀਰਥਾਂ ਤੇ ਲੋਕ ਹਉ ਹਉ ਯਾਨੀ ਮੈਂ ਮੈਂ ਹੀ ਕਰਦੇ ਫਿਰਦੇ ਹਨ ਕਿ ਤੁਸੀਂ ਸਭ ਮੇਰੇ ਅੱਗੇ ਮੱਥੇ ਟੇਕੋ ਤੇ ਮੈਂ ਤੁਹਾਡਾ ਕਲਿਆਣ ਕਰ ਦੇਵਾਂਗਾ। ਪੰਡਿਤ ਜਿਹੜੇ ਕਿ ਗਿਆਨੀ ਹਨ, ਉਹ ਵੀ ਮਾਇਆ ਵਿਚ ਰਤੇ ਹੋਏ ਹਨ, ਪਰ ਸਤਿਗੁਰ ਜੀ ਹੁਕਮ ਕਰਦੇ ਹਨ (ਉਹਿ ਜਾ ਆਪਿ ਡੁਬੇ ਤੁਮ ਕਹਾ ਤਾਰਣਿ ਹਾਰੁ) ਬਿਹਾਗੜਾ ਮ: ੧ ਪੰਨਾ 556) ਜੋ ਆਪ ਹੀ ਡੁੱਬੇ ਪਏ ਹਨ, ਉਹ ਸਾਨੂੰ ਕਿਥੋਂ ਤੇ ਕਿਵੇਂ ਤਾਰ ਦੇਣਗੇ। ਐਸਾ ਕੋਈ ਨਜ਼ਰ ਨਹੀਂ ਆਉਂਦਾ, ਜੋ ਸਿਰਫ ਪ੍ਰਭੂ ਈਸ਼ਵਰ ਲਈ ਹੀ ਗਾਉਂਦਾ ਹੋਵੇ। ਸਤਿਗੁਰ ਕਹਿੰਦੇ ਹਨ ਕਿ ਮੈਨੂੰ ਉਹ ਅਸਥਾਨ ਜਗਾਹ ਦੱਸੋ,

ਜਿੱਥੇ ਸਿਰਫ ਹਰੀ ਵਾਸਤੇ ਹੀ ਹਰੀ ਦਾ ਕੀਰਤਨ ਹੁੰਦਾ ਹੋਵੇ ਅਤੇ ਗੁਰੂ ਅਰਜਨ ਦੇਵ ਜੀ ਕਹਿ ਰਹੇ ਹਨ (ਭਲੋ ਭਲੋ ਰੇ ਕੀਰਤਨੀਆ। ਰਾਮ ਰਮਾ ਰਾਮਾ ਗੁਨ ਗਾਉ। ਛੋਡਿ ਮਾਇਆ ਕੇ ਧੰਧ ਸੁਆਉ।) ਰਾਮਕਲੀ ਮ: ੫ ਪੰਨਾ 885) ਅਰਥਾਤ ਹੇ ਭਲੇ ਕੀਰਤਨੀਏ, ਮਾਇਆ ਦੇ ਖਿਆਲਾਂ ਵਾਲੇ ਧੰਧੇ ਛੱਡ ਕੇ। ਸਿਰਫ ਤੇ ਸਿਰਫ ਉਹ ਰਾਮ ਵਾਸਤੇ ਹੀ ਰਾਮ ਦੇ ਗੁਣ ਗਾ ਅਤੇ ਇਸੇ ਸ਼ਬਦ ਦੇ ਅਖੀਰ ਤੇ ਸਤਿਗੁਰ ਲਿਖਦੇ ਹਨ (ਜੇ ਕੋ ਅਪਨੇ ਠਾਕੁਰ ਭਾਵੈ। ਕੋਟਿ ਮਧਿ ਏਹੁ ਕੀਰਤਨੁ ਗਾਵੈ) ਜੋ ਆਪਣੇ ਪ੍ਰਭੂ ਨੂੰ ਭਾਅ ਜਾਂਦਾ ਹੈ, ਐਸਾ ਕਰੋੜਾਂ ਵਿਚੋਂ ਇਕ ਹੀ ਹੁੰਦਾ ਹੈ, ਜੋ ਸਿਰਫ ਪ੍ਰਭੂ ਵਾਸਤੇ ਹੀ ਕੀਰਤਨ ਕਰਦਾ ਹੈ।

ਸੋ ਗੁਰੂ ਕੇ ਕੀਰਤਨੀਓ ! ਮੈਂ ਇਹ ਨਹੀਂ ਕਹਿੰਦਾ ਕਿ ਕੀਰਤਨੀਆ ਨੂੰ ਮਾਇਆ ਲੈਣੀ ਹੀ ਨਹੀਂ ਚਾਹੀਦੀ ਜਾਂ ਕੀਰਤਨੀਆਂ ਨੂੰ ਮਾਇਆ ਨਹੀਂ ਚਾਹੀਦੀ, ਮਾਇਆ ਤਾਂ ਮਨੁੱਖ ਦੇ ਜੀਵਨ ਲਈ ਜ਼ਰੂਰੀ ਹੈ। ਪਰ ਜਿਸ ਤਰ੍ਹਾਂ ਪਾਣੀ ਤੋਂ ਬਿਨਾਂ ਬੇੜੀ ਚਲ ਨਹੀਂ ਸਕਦੀ, ਪਰ ਬੇੜੀ ਪਾਣੀ ਵਿਚ ਡੁੱਬ ਵੀ ਸਕਦੀ ਹੈ, ਇਸੇ ਤਰ੍ਹਾਂ ਮਨੁੱਖ ਨੂੰ ਮਾਇਆ ਤਾਂ ਚਾਹੀਦੀ ਹੈ, ਪਰ ਮਾਇਆ ਵਿਚ ਡੁੱਬਣਾ ਨਹੀਂ। ਕੀਰਤਨ ਤਾਂ ਕਰਨਾ ਹੈ, ਪਰ ਸਿਰਫ ਮਾਇਆ ਲਈ ਨਹੀਂ ਕਰਨਾ। ਕੀਰਤਨ ਪ੍ਰਭੂ ਨੂੰ ਮੁੱਖ ਰੱਖ ਕਰ ਕੇ ਕਰਨਾ ਹੈ।

ਦੂਜੀ ਗੱਲ, ਗੁਰੂ ਕੇ ਕੀਰਤਨੀ ਸਿੰਘੋਂ, ਜਿਸ ਤਰ੍ਹਾਂ ਅਸੀਂ ਅੱਜ ਦੇ ਜ਼ਮਾਨੇ ਵਿਚ, ਬੜੀਆਂ ਬੜੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਹੋਈਆਂ ਹਨ, ਕੋਈ ਸੰਗੀਤ ਦੀ ਬੀ. ਏ. ਹੈ, ਕੋਈ ਐੱਮ. ਏ. ਹੈ, ਕੋਈ ਪ੍ਰੋਫੈਸਰ ਹੈ, ਕੋਈ ਪ੍ਰਿੰਸੀਪਲ ਹੈ ਅਤੇ ਵੱਡੇ ਵੱਡੇ ਕੀਰਤਨ ਦਰਬਾਰਾਂ ਵਿਚ ਅਸੀਂ ਕਈ ਕਈ ਸਾਜ਼ ਵਜਾ ਕੇ ਅਸੀਂ ਕਲਾ ਦਾ ਪ੍ਰਦਰਸ਼ਨ ਕਰਦੇ ਹਾਂ, ਮੈਨੂੰ ਵੱਖਰਾ ਨਾ ਸਮਝਣਾ, ਮੈਂ ਵੀ ਤੁਹਾਡੇ ਵਿਚ ਸ਼ਾਮਲ ਹਾਂ ਅਤੇ ਮੈਂ ਜੋ ਦੇਖਦਾ ਹਾਂ ਜਾਂ ਜੋ ਵੇਖਿਆ ਹੈ, ਉਹੀ ਸੱਚਾਈ ਲਿਖ ਰਿਹਾ ਹਾਂ।

ਸੋ ਇਤਨੀ ਵੱਡੀ ਵੱਡੀ ਪ੍ਰਦਰਸ਼ਨੀ ਕਰ ਕੇ ਵੀ ਅਸੀਂ ਮਨੁੱਖਾਂ ਨੂੰ ਤੇ ਸੰਗਤਾਂ ਨੂੰ ਪ੍ਰਭਾਵਤ ਨਹੀਂ ਕਰ ਸਕਦੇ, ਪਰ ਸਤਿਗੁਰ ਤਾਂ, ਖਤਰਨਾਕ ਜਾਨਵਰਾਂ ਨੂੰ ਵੀ ਵਸ ਵਿਚ ਕਰ ਲੈਂਦੇ ਸਨ ਤੇ ਰਾਕਸ਼ਾਂ ਨੂੰ ਵਸ ਵਿਚ ਕਰ ਲੈਂਦੇ ਸਨ, ਸਾਡਾ ਕੀਰਤਨ ਤੇ ਸਾਡੀ ਗਾਇਕੀ ਤਾਂ, ਮਨੁੱਖਾਂ ਅੰਦਰੋਂ ਕੁੜੱਤਣ ਨਹੀਂ ਕੱਢ ਸਕਦੀ, ਸਤਿਗੁਰੂ ਨੇ ਤਾਂ ਰੀਠੇ ਵੀ ਕੌੜੇ ਤੋਂ ਮਿੱਠੇ ਕਰ ਦਿੱਤੇ ਸਨ। ਅਸੀਂ ਬੜੇ ਬੜੇ ਰਾਗ ਵੀ ਗਾਉਂਦੇ ਹਾਂ ਅਤੇ ਕਈ ਰਾਗੀ, ਗ਼ੁਲਾਮ ਅਲੀ ਦੀ ਨਕਲ ਕਰਦੇ ਹਨ, ਕਈ ਮਹਿੰਦੀ ਹਸਨ ਦੀ ਨਕਲ ਕਰਦੇ ਹਨ। ਕੋਈ ਫਤਹਿ ਅਲੀ ਦੀ, ਕਈ ਫਿਲਮੀ ਤਰਜ਼ਾਂ ਦੀ ਨਕਲ ਕਰਦੇ ਹਨ। ਪਰ ਸਭ ਬੇਕਾਰ ਤੇ ਫੋਕੇ ਸਾਜ਼ ਹਨ। ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਕੇਹਦੀ ਨਕਲ ਕਰਦੇ ਸਨ। ਗੁਰੂ ਨਾਨਕ ਜੀ ਨੇ ਕਿਹੜੀ ਡਿਗਰੀ ਕੀਤੀ ਹੋਈ ਸੀ, ਅਸੀਂ ਤਾਂ ਕਈ ਕਈ ਸਾਜ਼ਾਂ ਵਿਚ ਕੀਰਤਨ ਕਰਦੇ ਹਾਂ, ਗੁਰੂ ਨਾਨਕ ਤਾਂ ਇਕੋ ਹੀ ਸਾਜ਼ ਨਾਲ ਕੀਰਤਨ ਕਰਦੇ ਸਨ ਤੇ ਸਾਰੀ ਦੁਨੀਆਂ ਨੂੰ ਕੀਰਤਨ ਦੇ ਰਸ ਨਾਲ ਸਰਸ਼ਾਰ ਕਰ ਦਿੰਦੇ ਸਨ।

ਸਾਡੀ ਗਾਇਕੀ ਵਿਚ ਅਸਰ ਨਾ ਹੋਣ ਦੇ ਕਾਰਨ ਇਹ ਹਨ ਕਿ ਇਕ ਤਾਂ ਸਾਨੂੰ ਆਪਣੀ ਵਿਦਵਤਾ ਦਾ ਮਾਣ ਤੇ ਅਹੰਕਾਰ ਹੁੰਦਾ ਹੈ। ਅਸੀਂ ਆਪਣੀ ਵਿਦਵਤਾ ਦਿਖਾਉਣ ਲਈ ਗਾਉਂਦੇ ਹਾਂ, ਪ੍ਰਭੂ ਨੂੰ ਰੀਝਾਉਣ ਲਈ ਨਹੀਂ ਗਾਉਂਦੇ ਤੇ ਦੂਜਾ ਸਾਡਾ ਧਿਆਨ ਮਾਇਆ ਵਿਚ ਹੁੰਦਾ ਹੈ, ਜਿਥੇ ਧਿਆਨ ਵਿਚ ਤੇ ਮਨ ਵਿਚ ਮਾਇਆ ਤੇ ਵਿਦਵਤਾ ਦਾ ਨਿਵਾਸ ਹੋਵੇਗਾ, ਉਥੇ ਈਸ਼ਵਰ ਕਿਵੇਂ ਪ੍ਰਗਟ ਹੋਵੇਗਾ ਤੇ ਸਾਡੀ ਗਾਇਕੀ ਰਸਹੀਣ ਹੋ ਜਾਵੇਗੀ।

ਹੁਣ ਸਾਡੇ ਗੁਰੂ ਕੇ ਸਿੱਖ ਤੇ ਗੁਰਦੁਆਰਿਆਂ ਦੇ ਪ੍ਰਬੰਧਕ ਗੁਰੂ ਕੇ ਕੀਰਤਨੀਆਂ ਨੂੰ ਇਸ ਪੈਮਾਨੇ ਨਾਲ ਤੋਲਦੇ ਹਨ ਕਿ ਇਹ ਵੀ ਦੇਖ ਲਵੋ।

ਜਿਹੜਾ ਰਾਗੀ ਜਥਾ ਪ੍ਰੋਗਰਾਮ ਦੀ ਚੰਗੀ ਵੱਡੀ ਭੇਟਾ ਮਾਇਆ ਮੰਗੇ, ਉਸ ਨੂੰ ਸਮਝਦੇ ਹਨ ਕਿ ਇਹ ਵਧੀਆ ਰਾਗੀ ਜਥਾ ਹੋਵੇਗਾ ਅਤੇ ਜਿਹੜਾ ਰਾਗੀ ਸਿੰਘ ਘੱਟ ਮਾਇਆ ਮੰਗੇ, ਉਹਨੂੰ ਸਮਝਦੇ ਹਨ ਕਿ ਇਹ ਰਾਗੀ ਜੱਥੇ ਐਵੇਂ ਹੀ ਹੋਣਾ ਹੈ। ਮਤਲਬ ਗੁਰੂ ਕੀਰਤਨੀਆਂ ਨੂੰ ਮਾਇਆ ਨਾਲ ਤੋਲਦੇ ਹਨ ਅਤੇ ਜਾਂ ਫਿਰ ਵੱਡੇ ਵੱਡੇ ਕੀਰਤਨੀ ਦਰਬਾਰਾਂ ਤੇ ਗੁਰਪੁਰਬਾਂ ਤੇ ਉਹਨਾਂ ਰਾਗੀ ਜਥਿਆਂ ਨੂੰ ਸੱਦਦੇ ਹਨ ਜਿਹਨਾਂ ਦੀਆਂ ਵੀਡੀਓ ਤੇ ਕੈਸਿਟਾਂ ਤੇ ਸੀ ਡੀਆਂ ਬਣੀਆਂ ਹੋਣ, ਇਹ ਵੀ ਇਕ ਪੈਮਾਨਾ ਹੈ।

ਸੋ ਬੇਨਤੀ ਹੈ ਕਿ ਇਹ ਕੋਈ ਜ਼ਰੂਰੀ ਨਹੀਂ ਕਿ ਜਿਹੜਾ ਰਾਗੀ ਚੋਖੀ ਮਾਇਆ ਮੰਗੇ ਜਾਂ ਜਿਹਦੀਆਂ ਵੀਡੀਓ ਸੀਡੀਆਂ ਕੈਸਿਟਾਂ ਹੋਣ, ਉਹ ਰਾਗੀ ਜਥਾ ਵਧੀਆ ਹੁੰਦਾ ਹੈ। ਸਿੱਖ ਪੰਥ ਵਿਚ ਐਸੇ ਬਹੁਤ ਸਾਰੇ ਰਾਗੀ ਜਥੇ ਹਨ ਜਿਹਨਾਂ ਨੇ

ਕੋਈ ਸੀ ਡੀ ਜਾਂ ਕੈਸਿਟ ਨਹੀਂ ਬਣਵਾਈ, ਪਰ ਕੀਰਤਨ ਬਹੁਤ ਹੀ ਵਧੀਆ ਕਰਦੇ ਹਨ ਅਤੇ ਮਾਇਆ ਵੀ ਨਹੀਂ ਮੰਗਦੇ। ਐਸੇ ਐਸੇ ਵਧੀਆ ਕੀਰਤਨੀਆਂ ਨੂੰ ਸਿੱਖ ਕੌਮ ਮੌਕਾ ਹੀ ਨਹੀਂ ਦੇਂਦੀ, ਕੀਰਤਨ ਸੁਣਾਉਣ ਦਾ ਤਾਂ ਕੇ ਉਹ ਵੀ ਆਪਣੇ ਪ੍ਰਤਿਭਾ ਦਿਖਾ ਸਕਣ।

ਇਹ ਵੀ ਇਕ ਰਿਵਾਜ਼ ਹੈ ਕਿ ਪ੍ਰਬੰਧਕ ਲੋਕ ਆਪਣੀ ਸਭਾ ਦਾ ਨਾਮ ਬਨਾਉਣ ਲਈ, ਚੰਗੇ ਚੰਗੇ ਨਾਮ ਵਾਲੇ ਰਾਗੀ ਜੱਥੇ ਤਕੜੀ ਮਾਇਆ ਦੇ ਕੇ ਬੁਲਾ ਲੈਂਦੇ ਹਨ, ਪਰ ਜਦੋਂ ਉਹ ਰਾਗੀ ਕੀਰਤਨ ਕਰਦੇ ਹਨ, ਉਸ ਸਮੇਂ ਪੰਡਾਲ ਵਿਚ ਨਾ ਤਾਂ ਸੰਗਤ ਹੁੰਦੀ ਹੈ ਤੇ ਨਾ ਹੀ ਪ੍ਰਬੰਧਕ ਹੁੰਦੇ ਹਨ ਅਤੇ ਇਹ ਗੁਰਬਾਣੀ ਤੇ ਕੀਰਤਨੀਆਂ ਦਾ ਘੋਰ ਅਪਮਾਨ ਹੈ ਅਤੇ ਕਈ ਥਾਵਾਂ ਤੇ ਦਾਸ ਨੇ ਪ੍ਰਬੰਧਕਾਂ ਨੂੰ ਇਹ ਕਹਿੰਦੇ ਹੋਏ ਵੇਖਿਆ ਹੈ ਕਿ ਅਸੀਂ ਬੜਾ ਵੱਡਾ ਪ੍ਰੋਗਰਾਮ ਕੀਤਾ ਸੀ ਤੇ ਫਲਾਣਾ ਫਲਾਣਾ ਵੱਡਾ ਰਾਗੀ ਜਥਾ ਸਦਿਆ ਸੀ ਪਰ ਉਹਨਾਂ ਨੇ ਗਾਇਆ ਕੀ ਹੈ, ਤੇ ਸੁਣਾਇਆ ਕੀ ਹੈ, ਕਿਸੇ ਨੂੰ ਵੀ ਪਤਾ ਨਹੀਂ ਹੁੰਦਾ। ਜਿਹੜੇ ਵੀ ਰਾਗੀ ਕੀਰਤਨੀਏ, ਭਾਵੇਂ ਉਹ ਕੋਈ ਵੀ ਹੋਵੇ ਅਤੇ ਗੁਰੂ ਘਰਾਂ ਦੇ ਪ੍ਰਬੰਧਕ ਜਾਂ ਗੁਰੂ ਦੇ ਸਿੱਖ, ਗੁਰੂ ਕੀ ਬਾਣੀ ਅਤੇ ਗੁਰੂ ਕੇ ਕੀਰਤਨ ਦਾ ਮੁੱਖ ਪਾਉਂਦੇ ਹਨ ਅਤੇ ਸੌਦੇਬਾਜ਼ੀ ਕਰਦੇ ਹਨ। ਉਹ ਸਤਿਗੁਰ ਦੀ ਬਾਣੀ ਦਾ ਘੋਰ ਅਪਮਾਨ ਤੇ ਬੇ ਅਦਬੀ ਕਰਦੇ ਹਨ, ਉਹ ਕੀਰਤਨੀਆ ਵੀ ਦੋਸ਼ੀ ਅਤੇ ਤਨਖਾਹੀਆ ਹੁੰਦਾ ਹੈ ਅਤੇ ਸਿੱਖ ਤੇ ਪ੍ਰਬੰਧਕ ਵੀ ਦੋਸ਼ੀ ਤੇ ਤਨਖਾਈਏ ਹੁੰਦੇ ਹਨ।

ਸਤਿਗੁਰ ਦੀ ਬਾਣੀ ਤੇ ਗੁਰੂ ਕੀਰਤਨੀਆਂ ਦਾ ਪੂਰਾ ਸਤਿਕਾਰ ਕਰਨਾ, ਹਰ ਸਿੱਖ ਤੇ ਪ੍ਰਬੰਧਕਾਂ ਦਾ ਪਹਿਲਾ ਫਰਜ਼ ਹੈ ਅਤੇ ਇਹ ਸਤਿਕਾਰ ਸਿੱਖ ਦੇ ਹਿਰਦੇ ਵਿਚੋਂ ਪ੍ਰਗਟ ਹੋਣਾ ਚਾਹੀਦਾ ਹੈ, ਜਿਸ ਤਰ੍ਹਾਂ ਸਤਿਗੁਰ ਜੀ ਬਾਣੀ ਵਿਚ ਫੁਰਮਾਂਦੇ ਹਨ (ਜੋ ਹਰਿ ਪ੍ਰਭ ਕਾ ਮੈਂ ਦੇਇ ਸਨੇਹਾ, ਤਿਸੁ ਮਨ ਤਨ ਆਪਣਾ ਦੇਵਾਂ। ਨਿਤ ਪਖਾ ਫੇਰੀ ਸੇਵ ਕਮਾਵਾਂ, ਤਿਸੁ ਅਗੇ ਪਾਣੀ ਢੋਵਾਂ) ਜਾਂ ਸਤਿਗੁਰ ਜੀ ਲਿਖਦੇ ਹਨ ਕਿ (ਤੈ ਸਾਹਿਬ ਕੀ ਬਾਤ ਜਿ ਆਖੈ, ਕਹੁ ਨਾਨਕ ਕਿਆ ਦੀਜੈ। ਸੀਸ ਵਢੇ ਕਰਿ ਬੈਸਣੁ ਦੀਜੈ, ਵਿਣ ਸਿਰੁ ਸੇਵ ਕਰੀਜੈ) ਹੁਣ ਦੇਖੋ, ਸਤਿਗੁਰ ਜੀ ਤਾਂ ਸਿਰ ਦੇਣ ਦੀ ਗੱਲ ਕਰ ਰਹੇ ਹਨ, ਅਸੀਂ ਤਾਂ ਗੁਰੂ ਕੀਰਤਨੀਆਂ ਨੂੰ ਦਸ ਰੁਪਏ ਦੇਣ ਵੇਲੇ ਵੀ ਔਖੇ ਹੋ ਜਾਂਦੇ ਹਾਂ, ਸਿਰ ਦੇਣਾ ਤਾਂ ਬਹੁਤ ਦੂਰ ਦੀ ਗੱਲ ਹੈ। ਗੰਦੇ ਗਾਣੇ ਗਾਣ ਵਾਲਿਆਂ ਨੂੰ ਤਾਂ ਲੱਖਾਂ ਰੁਪਏ ਵੀ ਦੇਣ ਨੂੰ ਤਿਆਰ ਰਹਿੰਦੇ ਹਾਂ, ਪਰ ਗੁਰੂ ਬਾਣੀ ਸੁਨਾਉਣ ਵਾਲਿਆਂ ਨਾਲ ਸੌਦੇਬਾਜ਼ੀ ਤੇ ਉੱਤਰ ਆਉਂਦੇ ਹਨ।

ਸਤ੍ਿਗੁਰ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ ਇਕ ਮਿਰਾਸੀ ਨੂੰ ਸ਼ਬਦ ਗਾ ਕੇ ਸੁਣਾਉਣ ਦੀ ਭੇਟਾ,ਮੋਹਰਾਂ ਦੀਆਂ ਪੰਜ ਥੈਲੀਆਂ ਭੇਟਾ ਦੇ ਦਿੱਤੀ ਸੀ, ਇਕ ਥੈਲੀ ਵਿਚ ਸੌ ਮੋਹਰ ਹੁੰਦੀ ਸੀ, ਜਦ ਕਿ ਗੁਰੂ ਸਾਹਿਬ ਜੀ ਦੇ ਸਮਿਆਂ ਵਿਚ, ਅੱਜ ਦੇ ਇਕ ਲੱਖ ਰੁਪਏ ਦੇ ਬਰੋਬਰ ਦੀ ਸੋਨੇ ਦੀ ਇਕ ਮੋਹਰ ਹੁੰਦੀ ਸੀ। ਹੁਣ ਗੁਰਸਿੱਖੋ ਸੋਚੋ, ਜਿਸ ਨੂੰ ਗੁਰੂ ਸਾਹਿਬ ਨੇ 500 ਮੋਹਰ ਦੇ ਦਿੱਤੀ, ਇਕ ਸ਼ਬਦ ਦੀ ਭੇਟਾ, ਉਸ ਦੀ ਸਾਰੀ ਜ਼ਿੰਦਗੀ ਦੀ ਗਰੀਬੀ ਕੱਟੀ ਗਈ ਨਾ ਅਤੇ ਸਾਡੇ ਗੁਰੂ ਕੇ ਸਿੱਖ ਥੋੜ੍ਹੀ ਥੋੜ੍ਹੀ ਮਾਇਆ ਦੇ ਕੇ, ਗੁਰੂ ਕੀਰਤਨੀਆਂ ਨਾਲ ਗੁਰਬਾਣੀ ਦਾ ਸੌਦਾ ਕਰਦੇ ਹਨ ਅਤੇ ਜੇ ਕਰ ਰਾਗੀ ਮਾਇਆ ਨਾ ਮੰਗਣ ਤਾਂ ਸਿੱਖ ਉਹਨਾਂ ਦੀ ਸੇਵਾ ਚੱਜ ਨਾਲ ਨਹੀਂ ਕਰਦੇ, ਤੇ ਨਾ ਹੀ ਸਤਿਕਾਰ ਕਰਦੇ ਹਨ ਅਤੇ ਜੇਕਰ ਰਾਗੀ ਮਾਇਆ ਮੰਗ ਲੈਣ ਤਾਂ ਸਿੱਖ ਰਾਗੀਆਂ ਨੂੰ ਕਹਿੰਦੇ ਹਨ ਕਿ ਤੁਸੀਂ ਬਾਣੀ ਵੇਚਦੇ ਹੋ ਜਦ ਕਿ ਸੌਦੇਬਾਜ਼ੀ ਸਿੱਖ ਆਪ ਹੀ ਕਰਦੇ ਹਨ।

ਇਸ ਲਈ ਮੇਰੀ ਇਹ ਸਾਰੇ ਸਿੱਖ ਪੰਥ ਅਤੇ ਸੰਗਤਾਂ ਅਤੇ ਪ੍ਰਬੰਧਕ ਸੱਜਣਾਂ ਦੀ ਸੇਵਾ ਕਰ ਵਿਚ ਬੇਨਤੀ ਹੈ ਕਿ ਰਾਗੀ ਸਿੰਘਾਂ ਨੂੰ ਸਤਿਕਾਰ ਅਤੇ ਉਹਨਾਂ ਤੋਂ ਸਾਰੀ ਸੰਗਤ ਦੇ ਪ੍ਰਬੰਧਕ ਸਾਹਮਣੇ ਬੈਠ ਕੇ ਪ੍ਰੇਮ ਨਾਲ ਤੇ ਗੁਰੂ ਨਾਲ ਜੁੜ ਕੇ ਕੀਰਤਨ ਸੁਣਨ ਅਤੇ ਗੁਰੂ ਕੀਰਤਨੀਆਂ ਇਤਨਾ ਮਾਣ ਤੇ ਸਤਿਕਾਰ ਕਰ ਕੇ ਵਾਪਸ ਭੇਜੋ ਕਿ ਤੁਹਾਡੇ ਕੀਤੇ ਹੋਏ ਸਤਿਕਾਰ ਨੂੰ ਸਾਰਾ ਜੀਵਨ ਭੁੱਲ ਨਾ ਸਕਣ। ਪਰ ਇਹ ਗੁਰਬਾਣੀ ਕੀਰਤਨੀਦੀ ਸੌਦੇ ਬਾਜ਼ੀ ਬੰਦ ਕੀਤੀ ਜਾਵੇ ਇਹ ਗੁਰੂ ਕੀ ਬੇ ਅਦਬੀ ਹੈ ਤੇ ਘੋਰ ਪਾਪ ਹੈ, ਪਰ ਗੁਰੂ ਕੀਰਤਨੀਆਂ ਦੀ ਸ਼ਰਧਾ ਤੇ ਪ੍ਰੇਮ ਨਾਲ ਵੱਧ ਤੋਂ ਵੱਧ ਸੇਵਾ ਤੇ ਸਤਿਕਾਰ ਕੀਤਾ ਜਾਵੇ ਤਾਂ ਕਿ ਗੁਰੂ ਕੀਰਤਨੀਆਂ ਨੂੰ ਮਾਇਆ ਵੱਲ ਝਾਕਣਾ ਹੀ ਨਾ ਪਵੇ।

425, ਸਿਮਰਨ ਨਿਵਾਸ, ਗਲੀ ਨੰ: 1, ਨਿਊ ਬਸੰਤ ਵਿਹਾਰ, ਕਾਕੋਵਾਲ ਰੋਡ, ਲੁਧਿਆਣਾ, ਮੋਬਾਇਲ : 9780708747

# ਸੰਗੀਤ ਨਾਟਕ ਅਕਾਦਮੀ ਸਮਾਰੋਹ ਅਤੇ ਸ੍ਰ. ਹਰਭਜਨ ਸਿੰਘ (ਨਾਮਧਾਰੀ) ਦਾ ਸ਼ਬਦ ਗਾਇਨ

**ਜਗਤਾਰਜੀਤ**

ਸੰਗੀਤ ਨਾਟਕ ਅਕਾਦਮੀ ਭਾਰਤ ਸਰਕਾਰ ਦੀ ਸੰਸਥਾ ਹੈ ਜਿਸਦਾ ਮੁੱਖ ਕੰਮ ਪਰਫੋਰਮਿੰਗ ਆਰਟ ਨੂੰ ਹੱਲਾਸ਼ੇਰੀ ਦੇਣਾ, ਉਸ ਦੀ ਸਾਂਭ-ਸੰਭਾਲ ਕਰਨਾ ਅਤੇ ਇਸ ਨਾਲ ਦੂਜੇ ਦਾ ਕੰਮ ਕਰਨ ਵਾਲੀਆਂ ਪ੍ਰਸਿੱਧ ਹਸਤੀਆਂ ਦਾ ਮਾਣ ਸਤਿਕਾਰ ਕਰਨਾ ਹੈ।

ਸੰਗੀਤ ਨਾਟਕ ਅਕਾਦਮੀ ਦੇ ਬਰਾਬਰ ਸਾਹਿਤ ਅਕਾਦਮੀ ਅਤੇ ਲਲਿਤ ਕਲਾ ਅਕਾਦਮੀਆਂ ਹਨ। ਸੰਗੀਤ ਨਾਟਕ ਅਕਦਾਮੀ ਦੀ ਸਥਾਪਨਾ 31 ਮਈ 1992 ਨੂੰ ਹੋਈ ਸੀ। ਸਮੇਂ ਦੇ ਨਾਲ ਨਾਲ ਇਸ ਦਾ ਕਾਰਜ ਖੇਤਰ ਵਧਦਾ ਜਾ ਰਿਹਾ ਹੈ। ਹੁਣ ਇਹਦੇ ਵਿਚ ਸੰਗੀਤ ਅਤੇ ਨਾਟਕ ਵਿਧਾਵਾਂ ਦੀਆਂ ਲੋਕ ਅਤੇ ਸ਼ਾਸਤਰੀ ਸ਼ੈਲੀਆਂ ਸ਼ਾਮਲ ਹਨ।

ਹਰ ਵਿਧਾ ਦੀਆਂ ਅੱਗੋਂ ਕਈ ਧਿਰਾਂ ਹਨ ਅਤੇ ਫੇਰ ਇਕ ਧਿਰ ਦੀਆਂ ਕਈ ਉਪ ਧਿਰਾਂ। ਜੁਲਾਈ 23, 2011 ਨੂੰ ਪਿਛਲੇ ਸਾਲ ਦੇ ਇਨਾਮ ਪ੍ਰਾਪਤ 36 ਕਲਾਕਾਰਾਂ ਨੂੰ ਭਾਰਤ ਦੇ ਉਪ ਰਾਸ਼ਟਰਪਤੀ ਵੱਲੋਂ ਸਨਮਾਨਤ ਕੀਤਾ ਗਿਆ। ਏਦਾਂ ਹੁਣ ਤਕ ਲਗਭਗ 1100 ਕਲਾਕਾਰ ਅਕਾਦਮੀ ਵੱਲੋਂ ਇਹ ਮਾਣ ਪ੍ਰਾਪਤ ਕਰ ਚੁੱਕੇ ਹਨ।

ਕੁਝ ਵਰ੍ਹੇ ਪਹਿਲਾਂ ਤਕ ਪੰਜਾਬ ਪ੍ਰਾਂਤ ਦੇ ਕਲਾਕਾਰ/ਲੋਕ ਕਲਾਕਾਰ ਦਾ ਨਾਮ ਕਦੇ ਕਦਾਈਂ ਦਿਖਾਈ ਦੇਂਦਾ ਸੀ ਪਰ ਪਿਛਲੇ ਚਾਰ-ਪੰਜ ਸਾਲਾਂ ਤੋਂ ਪੰਜਾਬ ਦੇ ਕਲਾਕਾਰਾਂ ਦੀ ਕਲਾ ਨੂੰ ਲਗਾਤਾਰ ਥਾਂ ਮਿਲਦੀ ਆ ਰਹੀ ਹੈ ਅਤੇ ਕਿਸੇ ਵੇਲੇ ਗਿਣਤੀ 100 ਤੋਂ ਵੀ ਵਧ ਜਾਂਦੀ ਹੈ।

ਇਸ ਵਾਰ ਗੁਰਬਾਣੀ ਗਾਇਨ ਲਈ ਹਰਭਜਨ ਸਿੰਘ (ਨਾਮਧਾਰੀ ਸੰਪ੍ਰਦਾ) ਅਤੇ ਨਾਟਕ ਲਈ ਆਤਮਜੀਤ ਦੇ ਨਾਮ ਬਾਰੇ ਸਹਿਮਤੀ ਬਣੀ।

ਗੁਰਬਾਣੀ ਕੀਰਤਨ/ਗਾਇਨ ਨੂੰ ਅਕਾਦਮੀ ਨੇ ਸੁਤੰਤਰ ਵਿਧਾ ਸਵੀਕਾਰ ਲਿਆ ਹੈ। ਗੁਰਬਾਣੀ ਸ਼ਬਦ ਕਿਉਂਕਿ ਰਾਗ ਆਧਾਰਤ ਹਨ ਸ਼ਾਸਤਰੀ ਸੰਗੀਤ ਦੇ ਇਸ ਕਾਰਨ ਇਸਦੇ ਸਰੋਤੇ ਸਿਰਫ ਸਿੱਖ ਹੀ ਨਹੀਂ ਬਲਕਿ ਭਾਰਤੀ ਸ਼ਾਸਤਰੀ ਸੰਗੀਤ ਦੇ ਵਿਦਵਾਨ ਅਤੇ ਸੰਗੀਤ-ਪ੍ਰੇਮੀ ਵੀ ਹਨ। ਸੱਚ ਸਾਹਮਣੇ ਰੱਖ ਕੇ ਕਿਹਾ ਜਾ ਜਾ ਸਕਦਾ ਹੈ ਕਿ ਗੁਰਬਾਣੀ ਗਾਇਨ ਦੇ ਅਜਿਹੇ ਪ੍ਰਸ਼ੰਸਕਾਂ ਦੀ ਗਿਣਤੀ ਸਿੱਖਾਂ ਨਾਲੋਂ ਕਿਤੇ ਵੱਧ ਹੈ।

ਜਿਸ ਕਲਕਾਰ ਨੂੰ ਅਕਾਦਮੀ ਵੱਲੋਂ ਸਨਮਾਨ ਮਿਲਦਾ ਹੈ ਉਸ ਕਲਾਕਾਰ ਨੂੰ ਆਪਣੀ ਕਲਾ ਜ਼ਾਹਰ ਕਰਨ ਦਾ ਮੌਕਾ ਵੀ ਦਿੱਤਾ ਜਾਦਾ ਹੈ। 26 ਜੁਲਾਈ ਤੋਂ 31 ਜੁਲਾਈ ਤਕ ਸਵੇਰ, ਦੁਪਹਿਰ, ਸ਼ਾਮ ਵੱਖੋ ਵੱਖਰੇ ਪ੍ਰਾਂਤਾਂ ਤੋਂ ਆਏ ਕਲਾਕਾਰਾਂ ਨੇ ਆਪੋ ਆਪਣੀ ਕਲਾ ਦਾ ਪ੍ਰਦਰਸ਼ਨ ਵੀ ਕੀਤਾ।

24 ਜੁਲਾਈ ਦੀ ਸਵੇਰ ਨੂੰ ਹਰਭਜਨ ਸਿੰਘ (ਨਾਮਧਾਰੀ) ਦੇ ਕੀਰਤਨ ਗਾਇਨ ਦਾ ਪ੍ਰੋਗਰਾਮ ਰੱਖਿਆ ਗਿਆ। ਹਰਭਜਨ ਸਿੰਘ ਵਿਦੇਸ਼ਾਂ ਵਿਚ ਤਾਂ ਘੁੰਮ ਆਏ ਹਨ, ਪਰ ਦਿੱਲੀ ਵਿਚ ਇਹਨਾਂ ਨੂੰ ਸੁਣਨ ਦਾ ਮੌਕਾ ਮੈਨੂੰ ਪਹਿਲੀ ਵਾਰ ਮਿਲਿਆ। ਪਤਾ ਲੱਗਾ ਕਿ ਉਹ ਭਾਰਤ ਰਹਿੰਦਿਆਂ ਭੈਣੀ ਸਾਹਿਬ ਤੋਂ ਬਾਹਰ ਨਹੀਂ ਜਾਂਦੇ।

ਹਰਭਜਨ ਸਿੰਘ ਦਾ ਜਨਮ ਸਥਾਨ ਸ਼ੇਖੂਪੁਰਾ (ਪਾਕਿਸਤਾਨ) ਹੈ ਇਹਨਾਂ ਨੇ ਮੁੱਢਲੀ ਸੰਗੀਤ ਦੀ ਤਾਲੀਮ (ਗੁਰਬਾਣੀ ਗਾਇਨ) ਤਾਰਾ ਸਿੰਘ ਤੋਂ ਲਈ। ਹੋਰ ਸੰਗੀਤਕਾਰਾਂ ਜਿਵੇਂ ਸ੍ਰੀ ਹਜ਼ੂਰ ਸਿੰਘ ਚੰਦਰ ਹਾਂਸ, ਮਹਾਦੇਵ ਪ੍ਰਸਾਦ (ਕਥਕ) ਭਾਈ ਬੀਰ ਸਿੰਘ ਅਤੇ ਉਸਤਾਦ ਅਮਜਦ ਅਲੀ ਖਾਂ ਤੋਂ ਵੀ ਇਹਨਾਂ ਸੰਗੀਤ ਸਿੱਖਿਆ ਪ੍ਰਾਪਤ ਕੀਤੀ।

ਧਰੁਪਦ ਅਤੇ ਧਮਾਰ ਗਾਇਨ ਇਹਨਾਂ ਦੀ ਗਾਇਕੀ ਦੀ ਵਿਸ਼ੇਸ਼ਤਾ ਹੈ। ਐਤਵਾਰ ਦੀ ਸਵੇਰ ਵੇਲੇ ਹਰਭਜਨ ਸਿੰਘ

ਨੇ ਪੰਜ ਸ਼ਬਦਾਂ ਦਾ ਗਾਇਨ ਕੀਤਾ। ਉਹਨਾਂ ਪਹਿਲਾ ਸ਼ਬਦ 'ਕੋਊ ਹਰਿ ਸਮਾਨ ਨਹੀਂ ਰਾਜਾ...' ਰਾਗ ਬਿਲਾਵਲੁ ਵਿਚ ਤਿੰਨ ਤਰ੍ਹਾਂ ਨਾਲ ਗਾਇਆ। ਪਹਿਲਾਂ ਪੰਦਰਾਂ ਮਾਤਰਾ ਵਿਚ, ਫੇਰ ਤਿੰਨ ਤਾਲ ਅਤੇ ਅੰਤ ਤੇ ਦਰੁਤ ਤਿੰਨ ਤਾਲ ਵਿਚ।

ਨਾਮਧਾਰੀ ਸਮਾਜ ਦੇ ਰਾਗੀ ਜਿਸ ਅੰਦਾਜ਼ ਨਾਲ ਗੁਰਬਾਣੀ ਗਾਉਂਦੇ ਹਨ ਲਗਗਦਾ ਹੈ ਸਭ ਦੀ ਸ਼ੈਲੀ ਇਕੋ ਜਿਹੀ ਹੈ। ਭਾਈ ਬਲਜੀਤ ਸਿੰਘ, ਭਾਈ ਗੁਰਮੀਤ ਸਿੰਘ ਦੀ ਗਾਇਨ ਸ਼ੈਲੀ ਹਰਭਜਨ ਸਿੰਘ ਤੋਂ ਵੱਖਰੀ ਲੱਗੀ ਕਿਉਂਕਿ ਉਹਨਾਂ ਦਾ ਸ਼ਬਦ ਉਚਾਰਨ ਜ਼ੋਰ ਵਾਲਾ ਅਤੇ ਉੱਚਾ ਹੈ। ਜਦ ਕਿ ਇਹਨਾਂ ਦੀ ਆਪਣੀ ਆਵਾਜ਼ ਅਤੇ ਇਹਨਾਂ ਦਾ ਸਾਥ ਦੇ ਰਹੇ ਦੋ ਹੋਰ ਰਾਗੀ ਸਿੰਘ ਵੀ ਆਵਾਜ਼ ਮੱਧਮ ਅਤੇ ਲੈਅਦਾਰ ਸੀ।

ਦੂਸਰੇ ਸ਼ਬਦ 'ਨਾਮ ਮਹਾ ਰਸ ਪੀਓ...' ਤੋਂ ਬਾਅਦ ਹਰਭਜਨ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੀ ਬਾਣੀ 'ਕਾਹੂ ਗੀਤ ਕੇ ਗਵਾਈਆ...' ਰੀਤ ਮਲਾਰ ਰਾਗ ਵਿਚ ਗਾਈ। ਉਹਨਾਂ ਦੱਸਿਆ ਕਿ ਸ਼ਾਸਤਰੀ ਸੰਗੀਤ ਦੇ ਗਾਇਕ ਧਰੁਪਦ ਗਾਉਂਦੇ ਸਮੇਂ ਆਮ ਤੌਰ 'ਤੇ ਸਥਾਈ ਅਤੇ ਅੰਤਰਾ ਹੀ ਪੜ੍ਹਦੇ ਹਨ ਪਰ ਗੁਰਮਤਿ ਵਿਚ ਇਹ ਪਰੰਪਰਾ ਨਹੀਂ। ਅਸੀਂ ਧਰੁਪਦ ਦੇ ਚਾਰੋਂ ਅੰਗਾਂ ਸਥਾਈ, ਅੰਤਰਾ, ਸੰਚਾਰੀ, ਅਭੋਗ ਦਾ ਗਾਇਨ ਕਰਦੇ ਹਾਂ। ਰਾਗੀ ਸਿੰਘ ਗੁਰਬਾਣੀ ਗਾਇਨ ਪਰੰਪਰਾ ਦਾ ਅਨੁਸਰਣ ਕਰਦੇ ਹਨ। ਉਹਨਾਂ ਦੇ ਇਸ ਵਿਚਾਰ ਪ੍ਰਗਟਾਵੇ ਨੇ ਭਾਰਤੀ ਸ਼ਾਸਤਰੀ ਸੰਗੀਤ ਅਤੇ ਗੁਰਬਾਣੀ ਸੰਗੀਤ ਪਰੰਪਰਾ ਵਿਚਾਲੇ ਭੇਦ ਵੱਲ ਸੰਕੇਤ ਕਰ ਦਿੱਤਾ। ਪਿਛਲੇ ਤੋਂ ਪਿਛਲੇ ਸਾਲ ਜਦ ਪ੍ਰੋ: ਕਰਤਾਰ ਸਿੰਘ ਨੇ ਇਸੇ ਥਾਂ ਸ਼ਬਦ ਗਾਇਨ ਕੀਤਾ ਤਾਂ ਸਰੋਤਿਆਂ ਨੇ ਉਹਨਾਂ ਨੂੰ ਉਹੀ ਬੰਦਿਸ਼ਾ ਗਾਉਣ ਲਈ ਕਿਹਾ ਜੋ ਸਿਰਫ ਗੁਰਮਤ ਸੰਗੀਤ ਵਿਚ ਉਪਲਬਧ ਹੈ।

ਇਕ ਹੋਰ ਤੱਤ ਵੱਲ ਵੀ ਧਿਆਨ ਗਿਆ। ਸ਼ਾਸਤਰੀ ਗਾਇਕ ਜਦ ਧਰੁਪਦ ਗਾਉਂਦੇ ਹਨ ਤਾਂ ਉਹਨਾਂ ਵੱਲੋਂ ਉਚਾਰੇ ਬੋਲਾਂ ਨੂੰ ਸਮਝਣ ਲਈ ਕਾਫੀ ਮਿਹਨਤ ਕਰਨੀ ਪੈਂਦੀ ਹੈ। ਕਈ ਵਾਰ ਉਹ ਸਮਝ ਨਹੀਂ ਵੀ ਆਉਂਦੇ।ਪਰ ਗੁਰਬਾਣੀ ਗਾਇਨ ਵਿਚ, ਭਾਵੇਂ ਉਹ ਸ਼ੁਧ ਰਾਗ ਵਿਚ ਹੋਵੇ, ਪਹਿਲ ਉਚਿਤ ਸ਼ਬਦ ਨੂੰ ਮਿਲਦੀ ਹੈ। ਏਦਾਂ ਕਦੇ ਸੁਣਨ ਨੂੰ ਨਹੀਂ ਮਿਲਿਆ ਕਿ ਸ਼ਬਦ ਉੱਪਰ ਰਾਗ ਹਾਵੀ ਹੋ ਗਿਆ ਹੋਵੇ। ਜੇ ਕਿਤੇ ਅਪਵਾਦ ਹੋਇਆ ਵੀ ਹੋਵੇ, ਉਹ ਅਸਰਦਾਰ ਨਹੀਂ ਰਿਹਾ। ਏਥੋਂ ਤਕ ਕਿ ਜਦੋਂ ਖਿਆਲ ਅੰਗ ਵਿਚ ਸ਼ਬਦ ਗਾਇਨ ਕੀਤਾ ਜਾਂਦਾ ਹੈ ਤਾਂ ਇਹ ਖਿਆਲ ਭਾਰਤੀ ਸ਼ਾਸਤਰੀ ਸੰਗੀਤ ਜਿਹਾ ਬਿਲਕੁਲ ਨਹੀਂ ਹੁੰਦਾ। ਰਾਗੀ ਬਲਬੀਰ ਸਿੰਘ ਵੱਲੋਂ ਗਾਏ ਖਿਆਲ ਅੰਗ ਦੇ ਸ਼ਬਦ ਇਸਦਾ ਉਦਾਹਰਨ ਹਨ।

ਰਾਗੀ ਹਰਭਜਨ ਸਿੰਘ ਨੇ ਜੋ ਧਰੁਪਦ ਗਾਈ ਉਹ ਗੁਰਮਤਿ ਪਰੰਪਰਾ ਅਨੁਸਾਰ ਸੀ। ਉਹਨਾਂ ਨੇ ਰੁੱਤ ਅਨੁਸਾਰ ਇਕ ਹੋਰ ਸ਼ਬਦ 'ਸਾਵਣ ਸਰਸ ਮਨਾ ਘਣਿ ਬਰਸੇ ਰੁਤ ਆਇ....' ਗਾਇਆ ਅਤੇ ਆਖਰੀ ਸ਼ਬਦ 'ਹਰਿ ਕੀ ਗਤਿ ਨਹ ਕੋਊ ਜਾਨੈ...' ਗਾਇਆ।

ਹਰਭਜਨ ਸਿੰਘ ਭਾਵੇਂ ਖੁਦ ਹਰਮੋਨਿਅਮ ਵਜਾ ਰਹੇ ਸਨ ਪਰ ਉੱਭਰਵੀਂ ਗੂੰਜ ਤਾਨਪੁਰਾ, ਦਿਲਰੁਬਾ ਅਤੇ ਤਾਰ ਸ਼ਹਿਨਾਈ ਦੀ ਸੀ।ਜੇ ਹੋਰ ਵੀ ਸਪਸ਼ਟ ਹੋਇਆ ਜਾਏ ਤਾਂ ਤਾਰ ਸ਼ਹਿਨਾਈ ਮੁੱਖ ਰਹੀ। ਵਿਅਕਤੀ ਦੇ ਬੋਲਾਂ ਨੂੰ ਤਾਰ ਸ਼ਹਿਨਾਈ ਵੱਲੋਂ ਉਸੇ ਭਾਵ ਵਿਚ ਬਦਲ ਦੇਣਾ ਆਪਣੇ-ਆਪ ਵਿਚ ਕਮਾਲ ਹੈ।

ਤੰਤੀ ਸਾਜ਼ਾਂ ਦੁਆਰਾ ਪੈਦਾ ਹੋਈ ਗੂੰਜ ਵਿਚੋਂ ਦੀ ਨਿਕਲਦੇ ਉਚਾਰੇ ਜਾ ਰਹੇ ਸ਼ਬਦ ਬੋਲਾਂ ਦਾ ਸਾਥ ਅਤੇ ਤਬਲੇ ਦੀ ਥਾਪ ਵਿਸਮਾਦੀ ਮਾਹੌਲ ਤਿਆਰ ਕਰਦੀ ਰਹੀ ਜਾਂ ਫੇਰ ਰਾਗੀ ਦੀ ਆਪਣੀ ਆਵਾਜ਼ ਹੀ ਅਜਿਹੀ ਹੋਵੇ ਕਿ ਸਾਜ਼ ਗੌਣ ਹੋ ਜਾਣ। ਇਹ ਤੱਥ ਸਾਡਾ ਧਿਆਨ ਭਾਈ ਸੁਰਜਨ ਸਿੰਘ ਅਤੇ ਭਾਈ ਦਵਿੰਦਰ ਸਿੰਘ ਹੋਰਾਂ ਵੱਲ ਲੈ ਜਾਂਦਾ ਹੈ। ਇਹਨਾਂ ਦੀ ਆਵਾਜ਼ ਦੀ ਸਾਜ਼ ਯੁਕਤ ਪ੍ਰਤੀਤ ਹੁੰਦੀ ਹੈ।

ਰਾਗੀ ਹਰਭਜਨ ਸਿੰਘ ਦੇ ਕੀਰਤਨ ਸਮੇਂ ਨਿੱਕੇ ਨਿੱਕੇ ਵੇਰਵੇ ਸਾਹਮਣੇ ਆਏ ਜਿਵੇਂ ਤਬਲੇ ਦੇ ਧਾਮੇ ਵਾਸਤੇ ਸਿਆਹੀ ਦੀ ਬਜਾਏ ਆਟੇ ਨੂੰ ਵਰਤਿਆ ਜਿਹੜੀ ਪਰੰਪਰਕ ਰੀਤ ਹੈ। ਪਰੰਪਰਾ ਵਿਚ ਸੌਖ ਵਾਸਤੇ ਥਾਂ ਨਹੀਂ। ਇਹ ਆਧੁਨਿਕ ਸਮੇਂ ਦੀ ਲੋੜ ਲਗਦੀ ਹੈ। ਜਦ ਖੁੱਲ੍ਹਾ ਹੱਥ ਤਬਲੇ 'ਤੇ ਪੈਂਦਾ ਹੈ ਤਾਂ ਧਾਮੇ ਤੋਂ ਵੱਖ ਹੋ ਕਦੇ ਕਦੇ ਆਟੇ ਦੇ ਕਣ ਸਪੇਸ ਵਿਚ ਉਲਰਦੇ ਹਨ। ਦੇਖਣ ਨੂੰ ਉਹ ਨਜ਼ਾਰਾ ਅਦਭੁਤ ਲਗਦਾ। ਏਦਾਂ ਹੀ ਜਦ ਦਿਲਰੁਬਾ ਜਾਂ ਤਾਰ ਸ਼ਹਿਨਾਈ ਦੀਆਂ ਤਾਰਾਂ ਉੱਪਰ ਗਜ਼ ਫਿਰਦਾ ਹੈ ਤਾਂ ਹਲਕੀ-ਹਲਕੀ ਪਾਰਦਰਸ਼ੀ ਧੂੜ ਦਾ ਅਹਿਸਾਸ ਹੁੰਦਾ ਰਿਹਾ।

118, ਏ, ਪ੍ਰਤਾਪ ਨਗਰ, ਜੇਲ੍ਹ ਰੋਡ, ਨਵੀਂ ਦਿੱਲੀ 110064

# हिन्दुस्तानी संगीत का समय सिद्धान्त : वैज्ञानिक अथवा अवैज्ञानिक

Dr. Narendra Kaur

हिन्दुस्तानी शास्त्रीय संगीत में रागों को गाने बजाने के लिए समय निश्चित किया गया है। आदिकाल से ही यह धारणा चली आ रही है कि कोई राग तभी अधिक प्रभावशाली बन सकता है जब उसे उसके निश्चित समय पर गाया बजाया जाए। सामवेद में भी विभिन्न देवताओं की अर्चना किस समय किस ऋतु में गानी चाहिए, इसका वर्णन मिलता है। श्री आर. एम. अग्निहोत्री अपनी पुस्तक श्संगीत निबन्धश में लिखते हैं कि सामवैदिक अर्चना का सम्बन्ध सृष्टि एवं पंच महाभूतों से हैए जिससे स्पष्ट होता है कि आज के प्रचलित रागों का ऋतुओं से जो सम्बन्ध निर्धारित किया गया है उसका प्रारम्भ उस समय हो गया था । कोई भी एक राग हरेक परिस्थिति एवं समय पर प्रभावशाली नहीं हो सकता क्योंकि विभिन्न रागों से विभिन्न भाव पैदा होते हैंए शायद इसी दृष्टिकोण से विद्वानों ने प्रत्येक राग का गायन–वादन समय निर्धारित कर दिया । ऐसे राग जो भक्ति भावना पैदा करते हैं और शान्त रस पैदा करते हैं, कोए संगीतकारों ने प्रातगेय मानाए ताकि उनका आधिकाधिक प्रभाव मानव मन पर पड़ सके ।

बिशन स्वरूप अपनी पुस्तक  में लिखते हैं, "A raga, to be attractive, must be sung at a time when it pleases the mind i.e. when its tune or import is in conformity with the state of mind of the singer, or the hearers, or both. The Indian music-masters have fixed times of the day for all the ragas. Opinions differ in a few cases, but not widely.

The following three things have to be considered in this connection :-

1 The general inclination of the singer to sing and of the hearers to hear, i.e. what strain they are capable of bearing physically at any particular time.

2 The general mental condition of the singers and of the hearers i.e. Whether they are happy and composed, or worried and anxious.

3 The particular emotion that has to be expressed by the singer or desired to be engendered in the audience. In this regard, expression of sentiments can not evidently be confined to any particular time, and no time can be fixed for ragas when they are meant to express emotions. Time can be fixed for them on the first two considerations only."

इसी प्रकार O.C. Ganguly अपनी पुस्तक 'Ragas and Raginis : A Pictorial and

Iconographic study of Indian musical modes based on Original Sources' में रागों का समय के साथ सम्बन्ध के विषय में लिखते हैं :– "There are some inherent qualities in some ragas which allocate them particular season, attune them to a particular




रागों का समय चक्र

रागों का समय निर्धारण रागों के स्वरूप को देखते हुए कुछ विशिष्ट नियमों पर आधारित है जो इस प्रकार हैं :–

1 रे ध स्वर कोमल वाले राग (सन्धि प्रकाश)

2 रे ध स्वर शुद्ध वाले राग

3 ग नी कोमल स्वर वाले राग

4 पूर्वांगवादी राग एवं उत्तरांग वादी राग

5 अध्वदर्शक स्वर म

1 रे ध कोमल वाले राग(सन्धि प्रकाश राग)

जो राग प्रातः सूर्योदय के समय एवं सांय सूर्यास्त के समय अर्थात् सन्धि बेला में गाये जाते हैं उन्हें सन्धि प्रकाश राग कहते हैं। इनका समय सुबह एवं शाम चार बजे से सात बजे तक का माना जाता है। इनमें रे और ध स्वर कोमल लगते हैं। उदाहरणार्थ राग भैरव, रामकली, ललित, कालिंगडा इत्यादि प्रातःकालीन सन्धिप्रकाश राग है एवं पूर्वी, मारवा, पूरिया, धनाश्री, श्री इत्यादि सांयकालीन सन्धि प्रकाश राग है। इन रागों में से कुछ राग ऐसे है जिनमें रे तो कोमल है परन्तु ध शुद्ध है जैसे कि मारवा भटियार इत्यादि । इस अपवाद को देखते हुए विद्वानों ने सन्धि प्रकाश रागों का लक्षण

यह माना है कि इनमें रे सदैव कोमल रहता है ध कोमल या शुद्ध हो सकता है तथा ग सदैव शुद्ध होता है। साथ ही यह भी आवश्यक है कि सांयकालीन सन्धिप्रकाश रागों में ग और नी इकट्ठे वर्जित नहीं हो सकते और प्रात में रे और ध इकट्ठे वर्जित नहीं हो सकते। इस श्रेणी में भैरव, पूर्वी तथा मारवा थाट के राग आते हैं।

2) रे ध शुद्ध स्वर वाले राग

इन रागों का गायन वादन सन्धि प्रकाश रागों के बाद होता है अर्थात् सुबह और शाम सात बजे से दस बजे तक के समय में ये राग प्रयोग किये जाते हैं। इस श्रेणी में कल्याण, खमाज एवं बिलावल थाट के राग आते हैं। इन रागों में रे और ध स्वर शुद्ध होने के साथ साथ ग भी सदैव शुद्ध ही रहता है।

3) ग नी कोमल स्वर वाले राग

इस श्रेणी में आने वाले रागों का समय सुबह और रात दस बजे से चार बजे तक माना गया है। इस श्रेणी में भैरवी, तोड़ी, काफी और आसावरी थाटों के राग आते हैं। इनमें ग और नी स्वर सदैव कोमल रहते हैं परन्तु कुछ राग इस नियम का अपवाद हैं जैसे पटदीप, मधुवन्ती जिनमें नी स्वर शुद्ध रहता है। ऐसे अपवाद बहुत कम अथवा न के बराबर हैं। इसलिए इस नियम को ग नी कोमल मानना ही उचित रहेगा।

4) पूर्वांगवादी राग एवं उत्तरांगवादी राग

जिन रागों का वादी स्वर सप्तक के पूर्व भाग अर्थात् स रे ग म प में से होता है उन्हें पूर्वांगवादी राग एवं जिनका वादी स्वर सप्तक के उत्तर भाग अर्थात म प ध नी सं इन स्वरों में से होता है उन्हे उत्तरांगवादी राग कहते हैं। पूर्वांगवादी रागों का समय दिन के 12 बजे से रात के 12 बजे तक तथा उत्तरांगवादी रागों का समय रात 12 बजे से दिन के 12 बजे तक माना जाता है। इस नियम के भी कुछ अपवाद हैं जैसे राग हमीर का वादी स्वर तो उत्तरांग में है लेकिन इसका गायन से दिन के पूर्व भाग में है।

5) अध्वदर्शक स्वर म

रागों के समय निर्धारण में मध्यम स्वर विशेष महत्त्व रखता है। शुद्ध मध्यम का प्रयोग रात 12 बजे से दिन के 12 बजे तक गाये जाने वाले रागों में होता है जबकि तीव्र मध्यम का प्रयोग दिन के 12 बजे से रात के 12 बजे तक गाये जाने वाले रागों में होता है। इसी प्रकार प्रातः कालीन सन्धि प्रकाश रागों में शुद्ध मध्यम तथा सांयकालीन सन्धिप्रकाश रागों में तीव्र मध्यम का प्रयोग होता है। यद्यपि कुछ प्रातगेय सन्धि प्रकाश रागों में तीव्र मध्यम भी प्रयुक्त होता हैं, परन्तु प्रधानता शुद्ध मध्यम की ही रहती है इसी प्रकार पूर्वी(सांयकालीन सन्धिप्रकाश राग) में प्रधानता तीव्र मध्यम की रहती है।

भारतीय संगीत में ही नहीं वरन् अन्य कुछ देशों में भी विभिन्न प्रकार की संगीत शैलियों का सम्बन्ध समय और ऋतुओं के साथ जोड़ा जाता है। अरब संगीत में मक़ामात, रास्तजंकुला, नवा, बुशालिक, उश्शाक, हुसैनी और रहाबी को क्रमशः सूर्योदय, मध्यरात्रि, मध्यान्ह, रात्रि के आरम्भ, दोपहर, संध्या, रात्रि की परिसमाप्ति और प्रातः काल से सम्बन्धित माना जाता है। इसी प्रकार दक्षिण पूर्व

एशिया में भी विभिन्न सांगीतिक स्वरावलियों को निर्धारित समय में गाने बजाने की अवधारणा है। जैसे कि 'नेम' के विभागों का प्रस्तुतिकरण सांय 7 बजे से मध्य रात्रि है, 'सांगा' का समय मध्य रात्रि से प्रातः तीन बजे तक है और 'मंजुरा' का समय प्रातः तीन बजे से मध्यान्ह तक है। डा. किरन तिवारी भी इसी तथ्य की पुष्टि करती हुई अपनी पुस्तक 'संगीत एवं मनोविज्ञान' में लिखती हैं कि प्रत्येक ध्वनि, स्वर, राग व गायन शैली से उत्पन्न ऊर्जा व तदुपरान्त वातावरण द्वारा भावों में परिवर्तित वेग की दशा को ध्यान में रखकर ही इन गायनों को एक वैज्ञानिक सिद्धान्तानुसार समय सारणी दी गई है। समय के अन्तर्गत वर्ष की विभिन्न ऋतुओं, ग्रहणों, पक्षों व चन्द्रमा की गति के अनुसार मन के विचारों व भावों में भी परिवर्तित स्थिति प्रकट होती है।

नारद ने भी 'संगीत मकरंद' में रागों को सूर्याशए चंद्रांश वर्गों में बाँटा है। वे लिखते हैं कि जो रागों को उनके समयानुसार गाता है उसे सुख समृद्धि की प्राप्ति होती है इसके विपरीत जो इसका उल्लंघन करते हैं वे दरिद्र और अल्पायु होते हैं। अकाल गायन से राग हिंसक हो जाते हैं और अपना प्रभाव खो बैठते हैं :–

''एवं कालविधिं ज्ञात्वा गायेद्यः स सुखी भवेत्।।

रागावेलाप्रगानेन रागाणां हिंसको भवेत्।।

यः श्रृणोति स दारिद्री आयुर्नश्यति सर्वदा।।''

वास्तविकता तो यह है कि प्रत्येक राग का अपना एक विशिष्ट स्वरूप एवं तदानुकूल प्रभाव होता है। मनुष्य की मनः स्थिति सदैव समय एवं परिस्थितियों से प्रभावित रहती है। जो मनः स्थिति हमारी सुबह होती है वैसी दोपहर या शाम को नहीं। इसी तरह सुख और दुःख में भी हमारी पसन्द अथवा ना–पसन्द बदल जाती है, जो संगीत हमें सुख या खुशी के अवसर पर पसन्द होता है वह दुःख की अवसथा में बिल्कुल पसन्द नहीं रहता । हम खुशी का इज़हार नाचकर, गाकर एवं झूमकर करते हैं लेकिन दुःख के समय हमें शान्तिदायक एवं ठहराव पैदा करने वाला संगीत अच्छा लगता है। इसी प्रकार सुबह जबकि हम भक्ति और आराधना की ओर अवलम्बित रहते हैं तो इसके लिए संगीत भी वैसा ही होना चाहिए। फिल्म संगीत में पृष्ठभूमि पर जो संगीत रहता है वह पूर्णतया नायक–नायकाओं की मनः स्थिति और परिस्थितियों के अनुकूल होता है। खुशी और दुःख की अवस्था में वह स्पष्ट रूप में बदल जाता है। इसके अतिरिक्त हमें अपने जीवन में ऐसे कई उदाहरण मिलते हैं जिससे ज्ञात होता है कि समय और परिस्थितियों का प्रभाव प्रत्येक जीव जन्तु अर्थात् जड़ चेतन पर पड़ता है। हम यह भी जानते हैं कि विभिन्न प्रकार की वनस्पतियों पर भी मौसम और समय का प्रभाव पड़ता है।

कुछ विद्वानों का मानना है कि रागों को समय पर गाना एक मनगढ़ंत धारणा है जिसका कोई वैज्ञानिक आधार या प्रमाण नहीं। भातखण्डे जी 'संगीतशास्त्र' में लिखते हैं कि जिन भावों को हम प्रातः काल व्यक्त करते हैं क्या उन्हीं भावों को हम रात्रि में व्यक्त नहीं कर सकते ? वे आगे लिखते हैं कि प्राचीन ग्रन्थकार ही इस विषय पर एकमत नहीं हैं। 'पारिजात' में भूपाली का समय प्रातःकाल है जबकि आज हम इसे रात्रिगेय मानते हैं। इसी प्रकार दक्षिण में यमन प्रातःगेय एवं भैरवी रात्रि गेय है। इसके अतिरिक्त 'संगीत' दर्पण में लिखा है :–

यथोक्तकाल एवैते गेया पूर्वविधानतः।

राजाज्ञयां सदागेया नतु कालं विचारयेत् ।।

अर्थात् राजा की आज्ञा के सामने समय में शिथिलता आ सकती है। इसी प्रकार 'राग तरंगिनी' में लोचन पंडित भी यही बात लिखते हैंः–

दशदंडात्पर रात्रो सर्वेषां गानमीरितम्।

रंगभूमौ नृपाज्ञायां काल दोषो न विद्यते।।

आधुनिक समय में यह भी तर्क दिया जाता है कि स्टूडियो में तो दिन–रात का कोई प्रभाव नहीं वह तो चारों ओर से बन्द है तथा रिकॉर्डिंग का क्या ? वह तो हर समय सम्भव नहीं। कुछ नवीन राग भी है जो समय सिद्धान्त की किसी श्रेणी में नहीं आते ।

इस बारे में यह कहना तर्कसंगत होगा कोई भी प्रथा जो अस्तित्त्व में सदियों से चली आ रही है, के बारे में मत–मतान्तर तो हो ही सकते हैं लेकिन उसके महत्त्व और अस्तित्त्व को प्रामाणिकता की कसौटी पर परखना अत्यावश्यक है। मेरे विचार से इस तथ्य पर सभी विद्वान एकमत हैं कि विभिन्न रागों के प्रभाव भी विभिन्न हैं। आजकल चल रही संगीत चिकित्सा के विषय में भी विद्वत जन यही मानते हैं कि रोगी को उसके रोग के मुताबिक वैसा ही संगीत दिया जाए। हिमालय क्षेत्र के तिब्बतीय संगीत कटोरे से भी जो चिकित्सा दी जाती है उसमें यही सिद्धान्त है कि कटोरे का कम्पन इस प्रकार का हो कि ऐसी ध्वनि निकले जो रोगी के शारीरिक अंगों से सम्बन्ध बना ले जिससे कि वह ठीक हो जाए । यदि रोगी की हालत में बदलाव नहीं नज़र आता तो वे कटोरे पर अपने आघात को बदल देते हैं और दूसरी प्रकार की ध्वनि पैदा करके देखते हैं। सोचने का विषय यह है कि यह निश्चित है कि संगीत हमारे मानस पटल को प्रभावित करता है जिसके लिए हमें यह अवश्य ध्यान में रखना होगा कि किस समय और किस परिस्थिति मेंए कैसा संगीत प्रयोग किया जाए अर्थात संगीत समय और परिस्थिति के अनुकूल ही प्रयोग किया जाए प्रतिकूल नहीं । अतएव रागों का समयानुकूल प्रयोग व्यर्थ की बात नहीं और न ही मनगढ़ंत है। यदि कुछ ग्रन्थों में भिन्नता है तो आज रागों के वह स्वरूप भी तो नहीं जो पहले थे। लेकिन इसे एक रूढ़ि बना लेना और अंधानुकरण करना भी गलत है। अतएव इस क्षेत्र में गहन शोध की आवश्यकता है।

Dept. of Music, RRMK Arya Mahila Mahavidyalaya, Pathankot, Punjab
E-mail: narendra_kaur@rediffmail.com

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਸ੍ਰੀ ਗੁਰੂ ਗ੍ਰੰਥ ਸਾਹਿਬ ਸੰਥਿਆ : ਨਿਵੇਕਲਾ ਯਤਨ

## (ਸ. ਜਸਬੀਰ ਸਿੰਘ ਜਵੱਦੀ)

ਵਰਤਮਾਨ ਸਮੇਂ ਪੇਂਡੂ ਖੇਤਰ ਨਾਲ ਸਬੰਧਤ ਜਦੋਂ ਹਰ ਸਿੱਖ ਮਨ ਆਪਣੇ ਨੌਜਵਾਨ ਬੱਚਿਆਂ ਦੇ ਸਿੱਖੀ ਤੋਂ ਦੂਰ ਜਾਣ, ਪੱਤਤਪੁਣੇ ਵਿੱਚ ਗ੍ਰਹਿਸੇ ਹੋਣ ਅਤੇ ਬੇਰੁਜਗਾਰੀ ਵਿਚ ਜੀਵਨ ਰੁਲਣ ਦੇ ਸਦਮਿਆਂ ਨਾਲ ਭਰਿਆ ਹੋਇਆ ਹੈ, ਇਸ ਸਮੇਂ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਇੱਕ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ ਹੈ ਜਿਸ ਅਧੀਨ ਆਪਣੀ ਨਵੀਂ ਪੀੜ੍ਹੀ ਨੂੰ ਬਾਣੀ ਅਤੇ ਬਾਣੇ ਨਾਲ ਜੋੜ ਕੇ ਜੀਵਨ ਨਿਰਭਾਅ ਲਈ ਸਨਮਾਨਯੋਗ ਕਿਰਤ ਦਿਵਾਉਣ ਦੇ ਉਪਰਾਲੇ ਵਿਸ਼ੇਸ਼ ਹਨ। ਇਸ ਮੰਤਵ ਨੂੰ ਪੂਰਾ ਕਰਨ ਲਈ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ 40 ਦਿਨਾਂ ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸੰਥਿਆ ਸਮਾਗਮ ਮਿਤੀ 15 ਜੁਲਾਈ, 2011 ਨੂੰ ਆਰੰਭ ਕੀਤਾ ਗਿਆ।

ਸਮਾਗਮ ਦੀ ਆਰੰਭਤਾ ਦੀ ਅਰਦਾਸ ਗਿਆਨੀ ਤ੍ਰਿਲੋਚਨ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੇ ਕੀਤੀ ਅਤੇ ਹੁਕਮਨਾਮਾ ਗਿਆਨੀ ਸੁਖਦੇਵ ਸਿੰਘ ਜੀ, ਹੈਡ ਗ੍ਰੰਥੀ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਨੇ ਲਿਆ।

ਪ੍ਰੋਗਰਾਮ ਦੀ ਤਰਤੀਬ ਦਿੰਦਿਆਂ ਡਾ. ਗੁਰਨਾਮ ਸਿੰਘ ਜੀ, ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਵਿਸਥਾਰ ਸਹਿਤ ਸੰਗਤਾਂ ਨੂੰ ਦੱਸਿਆ ਕਿ ਯੂਨੀਵਰਸਿਟੀ ਦੇ ਇਤਿਹਾਸ ਵਿਚ ਇਹ ਪਹਿਲੀ ਤੇ ਨਿਵੇਕਲੀ ਸੰਪੂਰਣ ਗੁਰਬਾਣੀ ਸੰਥਿਆ ਸਮਾਗਮ ਦੀ ਕਾਰਜਸ਼ਾਲਾ ਹੈ। ਜਿਸ ਨਾਲ ਨੌਜਵਾਨਾਂ ਨੂੰ ਸਿੱਖੀ ਦੇ ਅਮੀਰ ਵਿਰਸੇ ਅਤੇ ਬਾਣੀ-ਬਾਣੇ ਨਾਲ ਜੋੜ ਕੇ ਗੁਰਬਾਣੀ ਸੰਥਿਆ ਦੇ ਕੇ ਰੋਜੀ ਰੋਟੀ ਕਮਾਉਣ ਦੇ ਯੋਗ ਕਰਨ ਦਾ ਯਤਨ ਹੈ। ਉਨ੍ਹਾਂ ਦੱਸਿਆ ਕਿ ਜਿਹੜਾ ਵੀ ਸਿਖਿਆਰਥੀ ਇਸ ਸੰਪੂਰਨ ਗੁਰਬਾਣੀ ਸੰਥਿਆ ਸਮਾਗਮ ਵਿੱਚ ਭਾਗ ਲਵੇਗਾ, ਉਸ ਨੂੰ ਵਿਸ਼ੇਸ਼ ਸਰਟੀਫਿਕੇਟ ਵੀ ਦਿੱਤਾ ਜਾਵੇਗਾ।

ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਅੱਜ ਦਾ ਦਿਨ ਯੂਨੀਵਰਸਿਟੀ ਦੇ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਨਾਲ ਲਿਖਿਆ ਜਾਵੇਗਾ। ਜਿੱਥੇ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸੰਥਿਆ ਸਮਾਗਮ ਹੋ ਰਿਹਾ ਹੈ, ਮੈਂ ਇਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਹ ਸਮਾਗਮ ਕਰਨ ਦੀ ਲੋੜ ਕਿਉਂ ਮਹਿਸੂਸ ਹੁੰਦੀ ਹੈ ਕਿਉਂਕਿ ਸਾਡਾ ਅੱਜ ਦਾ ਨੌਜਵਾਨ ਨਸ਼ਿਆਂ ਵਿਚ ਗ੍ਰਸਤ ਹੋਏ ਮਾੜੀ ਸੰਗਤ ਵਿੱਚ ਪੈ ਰਿਹਾ ਹੈ। ਅਗਰ ਅਸੀਂ ਉਨ੍ਹਾਂ ਨੂੰ ਪ੍ਰੇਰ ਕੇ ਗੁਰਬਾਣੀ ਦੇ ਲੜ ਲਾਈਏ ਤਾਂ ਇਸ ਤੋਂ ਵੱਡੀ ਸਿੱਖ ਪੰਥ ਦੀ ਕੋਈ ਹੋਰ ਸੇਵਾ ਨਹੀਂ ਹੋ ਸਕਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ ਵੀ ਗੁਰਮਤਿ ਸੰਗੀਤ ਵਿਭਾਗ ਨੂੰ ਪੂਰਨ ਤੌਰ ਤੇ ਸਹਿਯੋਗ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਸਾਹਿਬ ਜੀ ਇੰਨਾਂ ਨੂੰ ਹੋਰ ਸਹਿਯੋਗ ਦੇਣ ਤਾਂ ਜੋ ਇਹ ਕਾਰਜ ਨਿਰਵਿਘਨ ਸਹਿਤ ਕਰ ਸਕਣ। ਉਨ੍ਹਾਂ ਅਨੁਸਾਰ ਇਹੋ ਜਿਹੇ ਸਮਾਗਮ ਥਾਂ ਪੁਰ ਥਾ ਹੋਣੇ ਚਾਹੀਦੇ ਹਨ। ਅੰਤ

ਵਿਚ ਉਨ੍ਹਾਂ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਜੀ ਅਤੇ ਡਾ. ਗੁਰਨਾਮ ਸਿੰਘ, ਮੁਖੀ ਗੁਰਮਤਿ ਸੰਗੀਤ ਵਿਭਾਗ - ਗੁਰਮਤਿ ਸੰਗੀਤ ਚੇਅਰ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਵਧਾਈ ਦਿਤੀ ਜਿੰਨਾਂ ਨੇ ਦਿਨ ਰਾਤ ਮਿਹਨਤ ਕਰਕੇ ਇਸ ਕਾਰਜ ਦੀ ਸ਼ੁਰੂਆਤ ਕੀਤੀ ਹੈ।

ਸਿੰਘ ਸਾਹਿਬ ਗਿਆਨੀ ਤ੍ਰਿਲੋਚਨ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਆਖਿਆ ਕਿ ਪੰਜਾਬੀ ਯੂਨੀਵਰਸਿਟੀ ਦੇ ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ ਸਮੇਂ-ਸਮੇਂ ਤੇ ਸਿੱਖੀ ਦੇ ਪ੍ਰਚਾਰ, ਪਸਾਰ ਲਈ ਗੁਰਮਤਿ ਸੰਗੀਤ ਦੇ ਸੰਮੇਲਨਾਂ ਲਈ ਬੱਚਿਆਂ ਨੂੰ ਗੁਰਮਤਿ ਸੰਗੀਤ ਦੀ ਪੜਾਈ ਤੋਂ ਇਲਾਵਾ, ਗੁਰਮਤਿ ਸੰਗੀਤ ਪ੍ਰਤਿਯੋਗਤਾਵਾਂ, ਗੁਰਮਤਿ ਸੰਗੀਤ ਉਤਸਵ, ਰਬਾਬੀ ਭਾਈ ਮਰਦਾਨਾ ਸ਼ਾਸਤਰੀ ਸੰਗੀਤ ਸੰਮੇਲਨ ਕਰਵਾਉਂਦੇ ਰਹਿੰਦੇ ਹਨ, ਜਿਨ੍ਹਾਂ ਵਿਚ ਉਨ੍ਹਾਂ ਨੂੰ ਅਕਸਰ ਹਾਜ਼ਰੀ ਭਰਨ ਦਾ ਮੌਕਾ ਮਿਲਦਾ ਹੈ। ਪਰ ਉਨ੍ਹਾਂ ਯੂਨੀਵਰਸਿਟੀ ਵਿਚ ਕਰਵਾਏ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨ ਸੰਥਿਆ ਸਮਾਗਮ ਲਈ ਡਾ. ਜਸਪਾਲ ਸਿੰਘ ਜੀ, ਵਾਈਸ-ਚਾਂਸਲਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸ਼ਲਾਘਾ ਕੀਤੀ ਕਿ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬੀ ਨੂੰ ਪ੍ਰਫੁਲਤ ਕਰਨ ਖਾਸ ਕਰਕੇ ਗੁਰਮਤਿ ਸੰਗੀਤ ਪ੍ਰਤੀ ਜੋ ਇੰਨੀ ਖੁਲਦਿਲੀ ਦਿਖਾਈ ਹੈ, ਇਸ ਦੀ ਮਿਸਾਲ ਕਿਤੇ ਨਹੀਂ ਮਿਲਦੀ।

ਸ. ਤ੍ਰਿਲੋਚਨ ਸਿੰਘ, ਸਾਬਕਾ ਚੇਅਰਮੈਨ, ਘੱਟ ਗਿਣਤੀ ਕਮਿਸ਼ਨ ਅਤੇ ਮੈਂਬਰ ਰਾਜ ਸਭਾ ਨੇ ਸਮਾਗਮ ਦੌਰਾਨ ਬੋਲਦਿਆਂ ਕਿਹਾ ਕਿ ਮੁਸਲਮਾਨ ਧਰਮ ਵਿਚ ਮਦਰਸਿਆਂ ਤੇ ਹੋਰ ਸੰਸਥਾਵਾਂ ਵਿਚ ਪੜਾਉਣ ਦਾ ਕਾਰਜ ਵਿਸ਼ੇਸ਼ ਵਿਧੀ ਨਾਲ ਹੀ ਕਰਵਾਇਆ ਜਾਂਦਾ ਹੈ ਅਤੇ ਉਹ ਬਾਵਜੂਦ ਲੱਖ ਵਿਰੋਧਾਂ ਦੇ ਕਦੇ ਵੀ ਆਪਣੀ ਪਰੰਪਰਾਗਤ ਸਿਖਲਾਈ ਵਿਧੀ ਦਾ ਨਾ ਤਿਆਗ ਕਰਦੇ ਹਨ ਤੇ ਨਾ ਹੀ ਉਸ ਵਿਚ ਕੋਈ ਪਰਿਵਰਤਨ। ਇਹੋ ਦ੍ਰਿੜਤਾ ਵਿਰਾਸਤ ਦੀ ਸੰਭਾਲ ਤੇ ਪੁਨਰ ਸੁਰਜੀਤੀ ਲਈ ਬੁਨਿਆਦੀ ਤੌਰ ਤੇ ਜ਼ਰੂਰੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਠਨ-ਪਾਠਨ ਸਮੇਂ ਸਾਨੂੰ ਵੀ ਧਿਆਨ ਵਿਚ ਰਖਣੀ ਚਾਹੀਦੀ ਹੈ। ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਅਤੇ ਵਿਭਾਗ ਦੇ ਮੁਖੀ ਡਾ. ਗੁਰਨਾਮ ਸਿੰਘ ਇਸ ਕਾਰਜ ਲਈ ਵਧਾਈ ਦੇ ਪਾਤਰ ਹਨ।

ਗਿਆਨੀ ਭਰਪੂਰ ਸਿੰਘ ਜੀ, ਜਿਨ੍ਹਾਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਸੰਥਿਆ ਕਰਵਾਈ ਜਾਣੀ ਹੈ ਨੇ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਧਰਮ ਪ੍ਰਚਾਰ ਕਮੇਟੀ ਨੇ ਉਨ੍ਹਾਂ ਨੂੰ ਇਹ ਸੇਵਾ ਨਿਭਾਉਣ ਦਾ ਮੌਕਾ ਦਿਤਾ ਹੈ ਅਤੇ ਉਹ ਇਕਾਗਰ ਚਿਤ ਹੋ ਕੇ ਸਿਖਿਆਰਥੀਆਂ ਨਾਲ ਆਪਣਾ ਗਿਆਨ ਸਾਂਝਾ ਕਰਨਗੇ । ਉਨ੍ਹਾਂ ਕਿਹਾ ਕਿ ਇਹ ਸਿਖਿਆਰਥੀਆਂ ਲਈ ਇਕ ਸੁਨਹਿਰੀ ਅਵਸਰ ਹੈ ਜਿਸ ਦਾ ਉਹ ਵੱਧ-ਚੜ੍ਹ ਕੇ ਲਾਭ ਉਠਾਉਣ।

ਡਾ. ਜਸਪਾਲ ਸਿੰਘ ਜੀ, ਵਾਈਸ-ਚਾਂਸਲਰ ਸਾਹਿਬ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਵਿਭਾਗ ਨੇ ਪਿਛਲੇ ਮਹੀਨਿਆਂ ਵਿਚ ਜੋ ਆਨ-ਲਾਈਨ ਗੁਰਮਤਿ ਸੰਗੀਤ ਲਾਇਬਰੇਰੀ ਅਤੇ ਗੁਰਬਾਣੀ ਕੀਰਤਨ ਨੂੰ ਭਾਵੇਂ ਉਹ ਕਲਾਸੀਕਲ ਹੋਵੇ, ਲਾਈਟ ਹੋਵੇ, ਸੂਫ਼ੀ ਮਿਊਜ਼ਿਕ, ਇੰਸਟਰੂਮੈਂਟਲ - ਤਾਊਸ, ਸਾਰੰਦਾ, ਰਬਾਬ ਹੋਵੇ, ਇਨ੍ਹਾਂ ਨੇ ਵਿਧੀਬੱਧ ਤਰੀਕੇ ਨਾਲ ਤਿਆਰ ਕਰਕੇ 1850 ਘੰਟਿਆਂ ਤੋਂ ਵੱਧ ਰਿਕਾਰਡਿੰਗ ਇੰਟਰਨੈਟ ਤੇ ਪਾ ਦਿਤੀ ਹੈ, ਜੋ ਕਿ ਇਹ ਇੱਕ ਬਹੁਤ ਵੱਡਾ ਕਾਰਜ ਹੈ।

ਹੁਣ ਵਿਭਾਗ ਜਲਦ ਹੀ ਆਨ-ਲਾਈਨ ਟੀਚਿੰਗ ਆਫ ਗੁਰਮਤਿ ਸੰਗੀਤ ਕਰਵਾਉਣ ਜਾ ਰਿਹਾ ਹੈ ਜਿਸ ਲਈ ਡਾ. ਗੁਰਨਾਮ ਸਿੰਘ ਅਤੇ ਗੁਰਮਤਿ ਸੰਗੀਤ ਵਿਭਾਗ - ਗੁਰਮਤਿ ਸੰਗੀਤ ਚੇਅਰ ਦਾ ਸਾਰਾ ਸਟਾਫ ਅਤੇ ਵਿਦਿਆਰਥੀ ਵਧਾਈ ਦੇ ਪਾਤਰ ਹਨ ।

ਅੰਤ ਵਿਚ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰ ਅਵਤਾਰ ਸਿੰਘ ਜੀ ਨੇ ਆਪਣੇ ਵਿਚਾਰ ਪੇਸ਼

ਕਰਦਿਆਂ, ਗੁਰਮਤਿ ਸੰਗੀਤ ਵਿਭਾਗ – ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਜਿੱਥੇ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸੰਥਿਆ ਸਮਾਗਮ ਹੋ ਰਿਹਾ ਹੈ, ਨੂੰ ਵਧਾਈ ਦਿਤੀ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਹੀ ਇਨ੍ਹਾਂ ਦੇ ਨਾਲ ਹੈ। ਜੋ ਨੌਜਵਾਨ ਨਸ਼ੇ ਵਿਚ ਗ੍ਰਸਤ ਹੋ ਕੇ ਆਪਣਾ ਜੀਵਨ ਖਰਾਬ ਕਰ ਰਹੇ ਹਨ, ਰੋਜੀ ਰੋਟੀ ਦੀ ਭਾਲ ਵਿੱਚ ਦਰ–ਦਰ ਭਟਕ ਰਹੇ ਹਨ। ਉਨ੍ਹਾਂ ਵਾਸਤੇ ਇਹ ਇਕ ਖਾਸ ਮੌਕਾ ਹੈ ਕਿ ਉਹ ਇੱਥੇ ਚਲ ਰਹੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਥਿਆ ਸਮਾਗਮਾਂ ਵਿਚ ਹਿੱਸਾ ਲੈ ਕੇ ਆਪਣੇ ਜੀਵਨ ਨੂੰ ਸੁਚਾਰੂ ਢੰਗ ਨਾਲ ਬਿਤਾਉਣ, ਸ਼੍ਰੋਮਣੀ ਕਮੇਟੀ ਨੂੰ ਪੜ੍ਹੇ ਲਿਖੇ ਅਤੇ ਚੰਗੇ ਆਚਰਨ ਵਾਲੇ ਪਾਠੀ ਸਿੰਘਾਂ ਨੂੰ ਜ਼ਰੂਰ ਰੁਜ਼ਗਾਰ ਪ੍ਰਦਾਨ ਕਰੇਗੀ ਅਤੇ ਨੌਜੁਆਨ ਦਾ ਜੀਵਨ ਪ੍ਰਫੁਲਤਾ ਹੋਵੇਗਾ। ਉਨ੍ਹਾਂ ਤਕਰੀਬਨ 400 ਤੋਂ ਵੱਧ ਮੌਜੂਦ ਸਿਖਿਆਰਥੀਆਂ ਨੂੰ ਸੰਬੋਧਨ ਹੋ ਕੇ ਕਿਹਾ ਕਿ ਉਹ ਗੁਰਬਾਣੀ ਸੰਥਿਆ ਸਮਾਗਮ ਦਾ ਵੱਧ ਤੋਂ ਵੱਧ ਲਾਭ ਲੈਣੇ ਤਾਂ ਜੋ ਸਾਡੀ ਰੋਜ਼ੀ ਰੋਟੀ ਦੀ ਸਮੱਸਿਆ ਵੀ ਹੱਲ ਹੋਵੇ ਅਤੇ ਉਹਅ ਚੰਗੇ ਜੀਵਨ ਵਾਲੇ ਪਾਠੀ ਸਿੰਘ ਬਣ ਸਕਣ।

ਸਮਾਗਮ ਦੇ ਅੰਤ ਵਿਚ ਯੂਨੀਵਰਸਿਟੀ ਵਲੋਂ ਪ੍ਰਮੁੱਖ ਸ਼ਖਸੀਅਤਾਂ ਤੋਂ ਇਲਾਵਾ ਸ. ਪ੍ਰਿਥੀਪਾਲ ਸਿੰਘ ਕਪੂਰ, ਸ. ਸਵਿੰਦਰ ਸਿੰਘ ਸਭਰਵਾਲ – ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਬੀਬੀ ਪਰਮਜੀਤ ਕੌਰ ਬਜਾਜ – ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ. ਭਰਪੂਰ ਸਿੰਘ ਜੀ – ਮੈਨੇਜਰ, ਗੁਰਦੁਆਰਾ ਪਾਤਸ਼ਾਹੀ ਨੌਂਵੀ ਬਹਾਦਰਗੜ੍ਹ ਸਾਹਿਬ, ਗਿਆਨੀ ਗੁਰਮੀਤ ਸਿੰਘ ਜੀ – ਹੈਡ ਗ੍ਰੰਥੀ, ਗੁਰਦੁਆਰਾ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ ਸਾਹਿਬ, ਆਦਿ ਨੂੰ ਵੀ ਸਨਮਾਨਿਤ ਕੀਤਾ ਗਿਆ।

ਪ੍ਰੋਗਰਾਮ ਅਸਿਸਟੈਂਟ,ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ



# ਰਾਗੁ ਆਸਾ (ਅੰਕ ੩੪੭-੪੮੮)

1. ਥਾਟ - ਬਿਲਾਵਲ (ਸਾਰੇ ਸ਼ੁੱਧ ਸਵਰ)
2. ਜਾਤੀ- ਔਡਵ-ਸੰਪੂਰਣ (ਆਰੋਹ ਵਿਚ 'ਗ' ਅਤੇ 'ਨ' ਵਰਜਿਤ)
3. ਸਮਾਂ-ਸਵੇਰ ਦਾ ਸੰਧੀ ਪ੍ਰਕਾਸ਼ ਅਤੇ ਸ਼ਾਮ ਦਾ ਸੰਧੀ ਪ੍ਰਕਾਸ਼
4. ਵਾਦੀ-ਮ
5. ਸੰਵਾਦੀ-ਸ
6. ਆਰੋਹ-ਸ ਰ ਮ ਪ ਧ ਸਂ।
7. ਅਵਰੋਹ-ਸਂ ਨ ਧ ਪ ਮ, ਗ ਰ ਸਂ
8. ਮੁੱਖ ਅੰਗ-ਰ ਮ ਪ, ਧ ਸਂ, ਨ ਧ ਪ ਮ, ਗ ਰ ਗ ਸ।

ਰੂਪਕ ਤਾਲ : ਰੂਪਕ ਤਾਲ ਵਿਚ ਸੱਤ ਮਾਤਰਾਂ ਦਾ ਸਮਾਂ ਹੈ। ਇਸ ਵਿਚ ਤਿੰਨ ਵਿਭਾਗ ਹਨ। ਪਹਿਲੇ ਵਿਭਾਗ ਵਿਚ ਤਿੰਨ, ਦੂਜੇ ਅਤੇ ਤੀਜੇ ਵਿਚ ਦੋ ਦੋ ਮਾਤਰਾਂ ਹਨ। ਰੂਪਕ ਦੀ ਪਹਿਲੀ ਮਾਤਰਾ ਤੇ ਸਮ ਅਤੇ ਖਾਲੀ ਦਾ ਚਿੰਨ੍ਹ ਲਗਾਇਆ ਜਾਦਾ ਹੈ, ਚੌਥੀ ਅਤੇ ਛੇਵੀਂ ਮਾਤਰਾ ਤੇ ਦੂਜੀ ਅਤੇ ਤੀਜੀ ਤਾਲੀ ਦਾ ਚਿੰਨ ਲਗਾਇਆ ਜਾਂਦਾ ਹੈ।

| | | | | | | | |
|---|---|---|---|---|---|---|---|
| ਮਾਤਰਾ : | ੧ | ੨ | ੩ | ੪ | ੫ | ੬ | ੭ |
| ਬੋਲ : | ਤੀ | ਤੀ | ਨਾ | ਧੀ | ਨਾ | ਧੀ | ਨਾ |
| ਤਾਲੀ : | x | | | ੨ | | ੩ | |

| | | | | | | |
|---|---|---|---|---|---|---|
| ਸਥਾਈ | | | | | | |
| x | | | ੨ | | ੩ | |
| ੧ | ੨ | ੩ | ੪ | ੫ | ੬ | ੭ |
| ਰੇ | ਮ | ਮ | ਮਪ | ਧਪ | ਮ | ਮ |
| ਗੁ | ਰਹਿ | ਦਿ | ਖਾs | ss | ਇ | ਓ |
| ਗ | ਗ | ਰੇ | ਸ | - | ਸ | - |
| ਲੋ | s | ਇ | ਨਾ | s | s | s |
| ਅੰਤਰਾ | | | | | | |
| x | | | ੨ | | ੩ | |
| ੧ | ੨ | ੩ | ੪ | ੫ | ੬ | ੭ |
| ਪ | ਪ | ਪ | ਧ | ਧ | ਸਂ | ਸਂ |
| ਈ | ਤ | ਹਿ | ਊ | s | ਤ | ਹਿ |
| ਰੇਂ | ਗਂ | ਰੇਂ | ਸਂ | ਰੇਂ | ਸਂ | ਸਂ |
| ਘਟਿ | ਘ | ਟਿ | ਘ | ਟਿ | ਘ | ਟਿ |
| ਸਂ | ਰੇਂ | ਸਂ | ਨੀ | ਨੀ | ਧ | ਧ |
| ਤੂੰ | s | ਹੀ | ਤੂੰ | s | ਹੀ | s |
| ਪਧ | ਸਂਨੀ | ਧਪ | ਮ | ਗਰੇ | ਗ | ਸ |
| ਮੋs | ss | ਹਿs | ਨਾ | ss | s | s |

'ਹਰਿ ਅੰਮ੍ਰਿਤ ਭਿਨੇ ਲੋਇਣਾ' ਪੁਸਤਕ ਵਿਚ ਧੰਨਵਾਦ ਸਹਿਤ

ਆਸਾ ਮਹਲਾ ੫ ॥

Aasaa, Fifth Mehl:

ਗੁਰਹਿ ਦਿਖਾਇਓ ਲੋਇਨਾ ॥੧॥ ਰਹਾਉ ॥

The Guru has revealed Him to my eyes. ||1||Pause||

ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥੧॥

Here and there, in each and every heart, and each and every being, You, O Fascinating Lord, You exist. ||1||

ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ ॥੨॥

You are the Creator, the Cause of causes, the Support of the earth; You are the One and only, Beauteous Lord. ||2||

ਸੰਤਨ ਪਰਸਨ ਬਲਿਹਾਰੀ ਦਰਸਨ ਨਾਨਕ ਸੁਖਿ ਸੁਖਿ ਸੋਇਨਾ ॥੩॥੪॥੧੪੪॥

Meeting the Saints, and beholding the Blessed Vision of their Darshan, Nanak is a sacrifice to them; he sleeps in absolute peace. ||3||4||144||


# POSITIVE THINKING

* Those tender words we said to one another are stored in the secret heart of heaven. One day like the rain they will fall and spread. And their mystery will grow green over the world (Rumi)
* The stone is broken by the last stroke, this does not mean that first stroke was useless. Success is a result of continuous efforts.
* One good action is greater than a millinion good intentions. People judge themselves by their intentions yet they judge others by their action.
* Being happy does not mean everything is perfect. It just means that you have decided to see everything beyond the imperfection.
* There will be plenty of time to sleep when you are dead. Life is for living. So, wake up and perform (Benjamin Franklin)
* Don't hesitate to take risks in your life. Because if you win, you can lead and if you lose, you can guide.
* It's Better to have a successful Exit than a Favourable entrance, because what matter is not being applauded when you arrive but being remembered when you leave.

With best compliments from a wellwisher

# BHAI SAMUND SINGH JI






Bhai Samund Singh ji



H. S. Dhupia



M. S. Bindra

The lovers of Gurbani Kirtan will be pleased to know that we have prepared a CD of Live Recordings of great *Puratan Kirtankar*, Bhai Samund Singh Jee, in MP3 format.

The CD has been dedicated to Late Sardar Harkishan Singh Dhupia, Former Director, All India Radio. The efforts of Sardar Mohinder Singh Bindra deserve our Special thanks.

The CD can be procured from the following address free of cost. You may intimate your residential address, Mobile No. at the following address or SMS the same at Mobile No. 98140-53630 or Email the same to: drjagirsingh@gmail.com

**Dr. Jagir Singh**
AMRIT KIRTAN, # 422, Sector 15-A,Chandigarh-160015
www.amritkirtan.com

Postal Regd. No. G/CDH/0045/2009-10 RNI Regd. No. 46788/89 ISSN 0972-2335

